# ਕੈਨੇਡਾ ਦਰਪਣ

ਜਨਵਰੀ 10, 1986

**January 10, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
# ਕੈਨੇਡਾ ਦਰਪਣ
(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

Weekending January 10, 1986 Vol. 5 No. 01 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

D. Persad B.A.,LL.B.

Ph. Off. 521-8808

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA, V3L 4Y7

# ਭਾਰਤ ਦੇਸਮ ਨਵੀਂ ਪਾਰਟੀ ਬਣੇਗੀ

ਵਿਜੈਵਾੜਾ — ਆਂਧਰਾ ਪ੍ਰਦੇਸ਼ ਦੇ ਮੁਖ ਮੰਤਰੀ ਅਤੇ ਤੇਲਗੂ ਦੇਸਮ ਦੇ ਆਗੂ ਸ੍ਰੀ ਰਾਮਾ ਰਾਓ ਨੇ ਦੱਸਿਆ ਹੈ ਕਿ ਉਹ ਭਾਰਤ ਦੇਸਮ ਨਾਂ ਦੀ ਨਵੀਂ ਪਾਰਟੀ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਇਸ ਸਬੰਧ ਵਿਚ ਇਕ ਮੀਟਿੰਗ ਕਰਨ ਲਈ ਯੋਜਨਾ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪੰਜਾਬ ਦੇ ਅਕਾਲੀ ਦਲ, ਜੰਮੂ-ਕਸ਼ਮੀਰ ਦੇ ਨੈਸ਼ਨਲ ਕਾਨਫਰੰਸ ਆਸਾਮ ਗਾਣਾ ਪ੍ਰੀਸ਼ਦ, ਤਾਮਲਨਾਡੂ, ਕਰਨਾਟਕ ਦੇ ਜਨਤਾ ਪਾਰਟੀ ਦੇ ਲੀਡਰਾਂ ਨੂੰ ਉਸ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਹੈ।

ਕਿਹਾ ਜਾਂਦਾ ਹੈ ਕਿ ਨਵੀਂ ਪਾਰਟੀ ਰਾਜਾਂ ਨੂੰ ਵਧੇਰੇ ਖੁਦਮੁਖਤਾਰੀ ਉਪਰ ਜ਼ੋਰ ਦੇਵੇਗੀ। ਉਨ੍ਹਾਂ ਦੇ ਵਿਚਾਰ ਵਿਚ ਦੇਸ਼ ਦਾ ਭਵਿਖ ਏਸੇ ਵਿਚ ਹੀ ਉਜਲਾ ਹੋਵੇਗਾ।

## ਸਮਝੌਤਾ ਲਾਗੂ ਹੋਵੇਗਾ — ਅਰਜਨ ਸਿੰਘ

ਨਵੀਂ ਦਿੱਲੀ — ਕੇਂਦਰੀ ਵਣਜ ਮੰਤਰੀ ਅਰਜਨ ਸਿੰਘ ਨੇ ਕਿਹਾ ਕਿ ਪੰਜਾਬ ਸਮਝੌਤਾ ਖਟਾਈ ਵਿਚ ਨਹੀਂ ਪਿਆ। ਉਨ੍ਹਾਂ ਸਪਸ਼ਟ ਕੀਤਾ ਕਿ ਇਸ ਸਬੰਧੀ ਉਡਾਈਆਂ ਜਾ ਰਹੀਆਂ ਅਫਵਾਹਾਂ ਬਿਲਕੁਲ ਨਿਰਮੂਲ ਹਨ। ਇਸ ਨਾਮਾਨਿਗਾਰ ਨਾਲ ਇਕ ਗੈਰ-ਰਸਮੀ ਗੱਲਬਾਤ ਦੌਰਾਨ ਸ੍ਰੀ ਅਰਜਨ ਸਿੰਘ ਨੇ ਕਿਹਾ ਕਿ ਗੱਲ ਇਸ ਹੱਦ ਤੱਕ ਨਹੀਂ ਵਿਗੜੀ ਕਿ ਪੰਜਾਬ ਸਮਝੌਤੇ ਅਨੁਸਾਰ ਚੰਡੀਗੜ੍ਹ ਦੇ ਪੰਜਾਬ ਨਾਲ ਰਲੇਵੇਂ ਅਤੇ ਇਸ ਬਦਲੇ ਪੰਜਾਬ ਦੇ ਕੁਝ ਖੇਤਰਾਂ ਦੇ ਹਰਿਆਣਾ ਨੂੰ ਤਬਾਦਲੇ ਦੀ ਤਾਰੀਖ 26 ਜਨਵਰੀ 1986 ਅੱਗੇ ਪਾਉਣੀ ਪਵੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ "ਮੇਰੇ ਖਿਆਲ ਅਨੁਸਾਰ ਸਮਝੌਤੇ ਨੂੰ ਨਿਰਧਾਰਤ ਅਰਸੇ ਵਿਚ ਲਾਗੂ ਕਰਨ ਵਾਸਤੇ ਅਜੇ ਕਾਫੀ ਸਮਾਂ ਪਿਆ ਹੈ।" ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਸਮਝੌਤੇ ਨੂੰ ਸਿਰੇ ਚਾੜ੍ਹਨ ਲਈ ਉਨ੍ਹਾਂ ਨੇ ਹਰਿਆਣਾ ਤੇ ਪੰਜਾਬ ਦੇ ਨੇਤਾਵਾਂ ਨਾਲ ਰਾਬਤਾ ਬਣਾਇਆ ਹੋਇਆ ਹੈ।

ਸ੍ਰੀ ਅਰਜਨ ਸਿੰਘ ਜੋ ਕਿ ਪੰਜਾਬ ਦੇ ਰਾਜਪਾਲ ਵਜੋਂ ਪੰਜਾਬ ਸਮਝੌਤੇ ਦੇ ਉਸਰਈਏ ਰਹੇ, ਨੇ ਭਰੋਸਾ ਦਿਤਾ ਕਿ ਉਹ ਲੋਕਾਂ ਦੀ ਸੇਵਾ ਕਰਦੇ ਰਹਿਣਗੇ। ਉਨ੍ਹਾਂ ਕਿਹਾ, "ਮੈਂ ਆਪਣੇ ਵਲੋਂ ਕੀਤੇ ਵਾਅਦਿਆਂ ਨੂੰ ਭੁੱਲਣ ਵਾਲਾ ਨਹੀਂ। ਇਹ ਕੁਝ ਮੈਂ ਯਕੀਨ ਨਾਲ ਕਹਿ ਸਕਦਾ ਹਾਂ।" ਦੱਖਣੀ ਦਿੱਲੀ ਲੋਕ ਸਭਾ ਹਲਕੇ ਤੋਂ ਆਪਣੀ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸ੍ਰੀ ਰਾਜੀਵ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਦੀ ਜਿੱਤ ਹੈ।

## ਫੈਡਰੇਸ਼ਨ ਬਾਬਾ ਤੋਂ ਬਾਗੀ

ਅੰਮ੍ਰਿਤਸਰ — ਯੂਨਾਈਟਡ ਅਕਾਲੀ ਦਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਿਚ ਪਿਛਲੇ ਕੁਝ ਅਰਸੇ ਤੋਂ ਅੰਦਰਖਾਤੇ ਚਲੇ ਆ ਰਹੇ ਤਿੱਖੇ ਮਤਭੇਦ ਉਸ ਸਮੇਂ ਉਭਰ ਕੇ ਸਾਹਮਣੇ ਆ ਗਏ ਜਦੋਂ ਫੈਡਰੇਸ਼ਨ ਨੇ ਬਾਬਾ ਜੋਗਿੰਦਰ ਸਿੰਘ ਉਤੇ ਦੋਸ਼ ਲਾਇਆ ਕਿ ਉਹ ਪੰਥਕ ਸੰਕਟ ਦੇ ਹੱਲ ਲਈ ਢੁਕਵੀਂ ਲੀਡਰਸ਼ਿਪ ਦੇਣ ਵਿਚ ਅ ਸਫਲ ਰਹੇ ਹਨ। ਫੈਡਰੇਸ਼ਨ ਨੇ ਬਾਬਾ ਜੋਗਿੰਦਰ ਸਿੰਘ ਉਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਸਿੱਖ ਯੁਵਕਾਂ ਦੀ ਰਿਹਾਈ, ਸਿਖ ਫੌਜੀਆਂ ਦੇ ਮੁੜ ਵਸੇਬੇ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਲਈ ਨਿੱਗਰ ਕਦਮ ਨਹੀਂ ਚੁੱਕੇ।

ਬਾਬਾ ਜੋਗਿੰਦਰ ਸਿੰਘ ਦੀ ਆਲੋਚਨਾ ਬਾਰੇ ਲਿਖਤੀ ਬਿਆਨ ਫੈਡਰੇਸ਼ਨ ਦੇ ਦਫਤਰ ਸਕੱਤਰ ਸ. ਸੰਧੂ ਵਲੋਂ ਜਾਰੀ ਕੀਤਾ ਗਿਆ

## ਭਜਨ ਲਾਲ ਦੇ ਬਿਆਨਾਂ ਦੀ ਕੋਈ ਅਹਿਮੀਅਤ ਨਹੀਂ — ਬਰਨਾਲਾ

ਚੰਡੀਗੜ੍ਹ — ਪੰਜਾਬ ਸਰਕਾਰ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਦੇ ਇਸ ਬਿਆਨ ਨੂੰ ਕੋਈ ਖਾਸ ਅਹਿਮੀਅਤ ਨਹੀਂ ਦਿੰਦੀ ਕਿ ਜਿੰਨੀਂ ਦੇਰ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਲਈ ਢੁਕਵੇਂ ਕਦਮ ਨਹੀਂ ਚੁੱਕੇ ਜਾਂਦੇ ਹਰਿਆਣਾ ਪੰਜਾਬ ਸਮਝੌਤੇ ਅਧੀਨ ਕੋਈ ਵੀ ਫੈਸਲਾ ਪ੍ਰਵਾਨ ਨਹੀਂ ਕਰੇਗਾ। ਪੰਜਾਬ ਦੇ ਮੁਖ ਮੰਤਰੀ ਸ. ਬਰਨਾਲਾ ਨੇ ਇਥੇ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤਾ ਹਰਿਆਣਾ ਦੇ ਮੁਖ ਮੰਤਰੀ ਨੇ ਨਹੀਂ ਸਗੋਂ ਪ੍ਰਧਾਨ ਮੰਤਰੀ ਨੇ ਲਾਗੂ ਕਰਨਾ ਹੈ। ਇਹ ਪ੍ਰਧਾਨ ਮੰਤਰੀ ਨੇ ਵੇਖਣਾ ਹੈ ਕਿ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਪਹਿਲਾਂ ਮੁਕੰਮਲ ਕੀਤੀ ਜਾਣੀ ਹੈ ਜਾਂ ਚੰਡੀਗੜ੍ਹ ਪਹਿਲਾਂ ਪੰਜਾਬ ਦੇ ਹਵਾਲੇ ਕਰਨਾ ਹੈ। ਉਨ੍ਹਾਂ ਕਿਹਾ ਕਿ ਸਮਝੌਤੇ ਵਿਚ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਤੇ ਲਿੰਕ ਨਹਿਰ ਦੀ ਉਸਾਰੀ ਨੂੰ ਇਕ ਦੂਜੇ ਨਾਲ ਨਹੀਂ ਜੋੜਿਆ ਗਿਆ ਸਗੋਂ ਸਮਝੌਤੇ ਵਿਚ ਇਹ ਸਪਸ਼ਟ ਕੀਤਾ ਗਿਆ ਕਿ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਨੂੰ ਦੇ ਦਿਤਾ ਜਾਵੇਗਾ ਤੇ ਲਿੰਕ ਨਹਿਰ ਦੀ ਉਸਾਰੀ 15 ਅਗਸਤ 1986 ਤਕ ਮੁਕੰਮਲ ਕੀਤੀ ਜਾਵੇਗੀ।

ਮੁਖ ਮੰਤਰੀ ਨੇ ਖੇਦ ਪ੍ਰਗਟ ਕੀਤਾ ਕਿ ਇਸ ਵੇਲੇ ਜਦੋਂ ਮੈਥਿਊ ਕਮਿਸ਼ਨ ਦੀ ਕਾਰਵਾਈ ਚਲ ਰਹੀ ਹੈ ਤੇ ਕੇਂਦਰ ਸਰਕਾਰ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰਨ ਲਈ ਗੰਭੀਰਤਾ ਨਾਲ ਵਿਚਾਰ ਰਹੀ ਹੈ ਹਰਿਆਣਾ ਦਾ ਮੁਖ ਮੰਤਰੀ ਅਜਿਹੇ ਗੁੰਮਰਾਹਕੁਨ ਬਿਆਨ ਦੇ ਰਿਹਾ ਹੈ। ਸ. ਬਰਨਾਲਾ ਨੇ ਅਗੋਂ ਕਿਹਾ ਕਿ ਸ੍ਰੀ ਭਜਨ ਲਾਲ ਆਪਣੀਆਂ ਰਾਜਸੀ ਮਜ਼ਬੂਰੀਆਂ ਵਸ ਆਪਣੇ ਹੀ ਰਾਜ ਦੇ ਲੋਕਾਂ ਨੂੰ "ਭੁਲੇਖੇ" ਵਿਚ ਰਖ ਰਹੇ ਹਨ। ਇਸ ਦੇ ਨਾਲ ਹੀ ਉਹ ਸਮਝੌਤੇ ਦਾ ਵਿਰੋਧ ਕਰਨ ਵਾਲੀਆਂ ਸ਼ਕਤੀਆਂ ਨੂੰ ਸ਼ਹਿ ਦੇ ਰਹੇ ਹਨ। ਮੁਖ ਮੰਤਰੀ ਨੇ ਸਪਸ਼ਟ ਕੀਤਾ ਕਿ ਪੰਜਾਬ ਸਰਕਾਰ ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਸਮੇਂ ਸਿਰ ਮੁਕੰਮਲ ਕਰਨ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ ਤੇ ਇਹ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਸਹੀ ਭਾਵਨਾ ਨਾਲ ਲਾਗੂ ਕਰਨ ਲਈ ਵਚਨਬਧ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਕੇਂਦਰ ਇਸ ਸਮਝੌਤੇ ਨੂੰ ਸਹੀ ਮਾਅਨਿਆਂ ਵਿਚ ਲਾਗੂ ਕਰਨ ਲਈ ਓਨੀ ਹੀ ਸੁਹਿਰਦਤਾ ਦਿਖਾਏ ਜਿੰਨੀ ਸੁਹਿਰਦਤਾ ਨਾਲ ਦੋਵਾਂ ਧਿਰਾਂ ਨੇ ਇਸ ਉਤੇ ਦਸਤਖਤ ਕੀਤੇ ਸਨ।

## ਜ਼ਿਆ ਵਲੋਂ ਮਾਰਸ਼ਲ ਲਾਅ ਦਾ ਖਾਤਮਾ

ਰਾਸ਼ਟਰਪਤੀ ਜ਼ਿਆ-ਉਲ-ਹੱਕ ਨੇ ਸਾਢੇ ਅੱਠ ਸਾਲਾਂ ਦਾ ਮਾਰਸ਼ਲ ਲਾਅ ਖਤਮ ਕਰ ਦਿਤਾ ਹੈ। ਭਾਵੇਂ ਉਸਨੇ ਬਣਨ ਵਾਲੀ ਸਰਕਾਰੀ ਤੋਂ ਵੱਧ ਆਪਣੇ ਹੱਥ ਵਿਚ ਪ੍ਰਧਾਨਗੀ ਅਧਿਕਾਰੀ ਕਾਇਮ ਰੱਖੇ ਹਨ। ਜ਼ਿਆ ਨੇ ਆਪਣੇ ਟੀ. ਵੀ. ਤੇ ਦਿਤੇ ਭਾਸ਼ਨ ਨਾਲ ਪਾਰਲੀਮੈਂਟ ਦੇ ਸਾਂਝੇ ਸੈਸ਼ਨ ਅ ਸਮੇਂ ਪਾਕਿਸਤਾਨ ਦੇ ਵਿਧਾਨ ਨੂੰ ਮੁੜ ਬਹਾਲ ਕਰਨ ਦਾ ਐਲਾਨ ਕੀਤਾ ਹੈ। ਜ਼ਿਆ ਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਇਸਲਾਮ ਦੇ ਅਧੀਨ ਸ਼ਾਂਤੀ ਦੇ ਮਾਹੌਲ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ 5 ਜੁਲਾਈ 1977 ਨੂੰ ਮਿਲਟਰੀ ਨੇ ਮੁਲਕ ਨੂੰ ਅੰਦਰੂਨੀ ਗੜਬੜ ਤੋਂ ਬਚਾ ਲਿਆ ਸੀ। ਭੁਟੋ ਨੂੰ ਉਲਟਾਉਣ ਤੇ ਫਾਂਸੀ ਦੇਣ ਤੋਂ ਬਾਅਦ ਪਾਕਿਸਤਾਨ ਵਿਚ ਫਿਰ ਲੋਕ ਪਾਰਲੀਮੈਂਟਰੀ ਸਰਕਾਰ ਬਣੇਗੀ।

ਗਿਆਰਾਂ ਵਿਰੋਧੀ ਪਾਰਟੀਆਂ ਦੇ ਜਮਹੂਰੀ ਫਰੰਟ ਨੇ ਕੌਮੀ ਚੋਣਾਂ ਦੀ ਮੰਗ ਕੀਤੀ ਹੈ। ਜ਼ਿਆ ਅਤੇ ਉਸਦੇ ਪ੍ਰਧਾਨ ਮੰਤਰੀ ਨੇ ਇਹ ਮੰਗ ਠੁਕਰਾ ਦਿਤੀ ਹੈ। ਇਨ੍ਹਾਂ ਸਭ ਵਿਰੋਧੀ ਪਾਰਟੀਆਂ ਨੇ ਫਰਵਰੀ ਦੀਆਂ ਚੋਣਾਂ ਦਾ ਕਾਈਕਾਟ ਕੀਤਾ ਸੀ ਅਤੇ ਜ਼ਿਆ ਦੀ ਪਾਰਲੀਮੈਂਟ ਅਤੇ ਜੁਨੇਜੋ ਨੂੰ ਪ੍ਰਧਾਨਮੰਤਰੀ ਮੰਨਣ ਤੋਂ ਇਨਕਾਰ ਕਰ ਦਿਤਾ ਸੀ। ਵਿਰੋਧੀ ਪਾਰਟੀਆਂ ਨੇ ਪਾਬੰਦੀ ਦੇ ਬਾਵਜੂਦ ਆਪਣਾ ਕੰਮ ਕਾਰ ਚਾਲੂ ਰੱਖਿਆ। ਪਾਕਿਸਤਾਨ ਬਣਨ ਤੋਂ ਬਾਅਦ ਤੀਜੇ ਦੌਰ ਵਿਚ ਜ਼ਿਆ ਸਰਕਾਰ ਦਾ ਮਾਰਸ਼ਲ ਲਾਅ ਆਉਂਦਾ ਹੈ। ਮਿਲਟਰੀ ਨੇ 1958 ਅਤੇ 1969 ਵਿਚ ਪੂਰੀ ਤਾਕਤ ਪ੍ਰਾਪਤ ਕਰਕੇ ਮਾਰਸ਼ਲ ਲਾਅ ਪਹਿਲਾਂ ਵੀ ਲਾਇਆ ਸੀ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ 5 ਜਨਵਰੀ ਨੂੰ ਭੁੱਟੋ ਦੇ ਜਨਮ ਦਿਨ ਉਤੇ ਸੰਭਵ ਮੁਜਾਹਰਿਆਂ ਬਾਰੇ ਸਰਕਾਰ ਫਿਕਰਮੰਦ ਹੈ। ਅਖਬਾਰਾਂ ਦੀ ਮੱਤ ਸੀ ਕਿ ਜ਼ਿਆ ਮਾਰਸ਼ਲ ਲਾਅ ਖਤਮ ਕਰਨ ਤੋਂ ਬਾਅਦ ਐਮਰਜੈਂਸੀ ਦਾ ਐਲਾਨ ਕਰ ਦੇਵੇਗਾ। ਪਰ ਅਜਿਹੀ ਕੋਈ ਗੱਲ ਜਾਂ ਐਲਾਨ ਨਹੀਂ ਹੋਇਆ।

## ਅਤਿਵਾਦ ਦੀਆਂ ਸ਼ਿਕਾਰ ਔਰਤਾਂ ਨੂੰ ਸਹਾਇਤਾ

ਅੰਮ੍ਰਿਤਸਰ — ਸਾਬਕਾ ਕਮਿਊਨਿਸਟ ਵਿਧਾਇਕ ਕਾਮਰੇਡ ਸਤਪਾਲ ਡਾਂਗ ਨੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਤੋਂ ਮੰਗ ਕੀਤੀ ਹੈ ਕਿ ਫਸਾਦਾਂ ਦੇ ਸ਼ਿਕਾਰ ਹੋਈਆਂ ਵਿਧਵਾਵਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਰਕਾਰੀ ਸਕੀਮ ਵਿਚ ਉਨ੍ਹਾਂ ਔਰਤਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਜਿਹੜੀਆਂ ਪਿਛਲੇ ਚਾਰ ਸਾਲਾਂ ਦੌਰਾਨ ਹੋਈਆਂ ਹਿੰਸਕ ਘਟਨਾਵਾਂ ਦੌਰਾਨ ਵਿਧਵਾ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿਰਫ ਉਨ੍ਹਾਂ ਨੂੰ ਹੀ 250 ਰੁਪਏ ਮਹੀਨੇ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਜਿਹੜੀਆਂ ਸ੍ਰੀਮਤੀ ਗਾਂਧੀ ਦੀ ਹੱਤਿਆ ਮਗਰੋਂ ਹੋਏ ਦੰਗਿਆਂ ਦੌਰਾਨ ਵਿਧਵਾ ਹੋਈਆਂ ਸਨ।

ROYAL new•used FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

• ਲਿਵਿੰਗ ਰੂਮ • ਡਾਈਨਿੰਗ ਰੂਮ • ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ


ਪ[illegible]ਡੂਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

# ਡੇਢ ਕਰੋੜ ਦੀ ਲਾਗਤ ਨਾਲ ਨਵੀਂ ਨਹਿਰ ਬਣੇਗੀ

ਕਰਨਾਲ — ਕਰਨਾਲ ਦੇ ਘਰੌਂਡਾ ਬਲਾਕ ਵਿਚ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਨਹਿਰ ਬਣਾਈ ਜਾਵੇਗੀ। ਸ੍ਰੀ ਸ਼ਮਸ਼ੇਰ ਸਿੰਘ । ਸੁਰਜੇਵਾਲਾ, ਸਿਚਾਈ ਮੰਤਰੀ ਨੇ ਕੁਟੇਲ ਵਿਚ ਇਸ ਗੱਲ ਦਾ ਬੜੀ ਵੱਡੀ ਸਭਾ ਵਿਚ ਐਲਾਨ ਕੀਤਾ। ਇਸ ਨਹਿਰ ਦੇ ਦੋ ਭਾਗ ਹੋਣਗੇ। ਇਕ ਭਾਗ ਵਿਚ 90 ਅਤੇ ਦੂਜੇ ਭਾਗ ਵਿਚ 60 ਕਿਊਸਕ ਪਾਣੀ ਛਡਿਆ ਜਾਵੇਗਾ। ਸ੍ਰੀ ਸੁਰਜੇਵਾਲਾ ਨੇ ਇਹ ਵੀ ਦੱਸਿਆ ਕਿ ਹਰਿਆਣਾ ਵਿਚ ਜੂਨ 1986 ਤਕ 252 ਮੈਗਾਵਾਟ ਬਿਜਲੀ ਦੀ ਕਮੀ ਦੂਰ ਦੀਆਂ ਸਕੀਮਾਂ ਪਾਣੀਪਤ ਅਤੇ ਜਮਨਾਨਗਰ ਦੇ ਪਾਵਰ ਸਟੇਸ਼ਨ ਬਣਾ ਕੇ ਰਾਜ ਵਿਚ ਬਿਜਲੀ ਦੀ ਕਮੀ ਦੂਰ ਕਰ ਦਿਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਪਾਣੀਪਤ ਦਾ 110 ਮੈਗਾਵਾਟ ਦਾ ਤੀਸਰਾ ਯੂਨਿਟ ਅਪਰੈਲ 1986 ਵਿਚ ਚਾਲੂ ਹੋ ਜਾਵੇਗਾ। ਇਸ ਯੂਨਿਟ ਵਿਚੋਂ 15 ਤੋਂ 20 ਲੱਖ ਯੂਨਿਟ ਬਿਜਲੀ ਮਿਲੇਗੀ। ਜਮਨਾਨਗਰ ਵਿਚ ਅਗਲੇ ਦੋ ਸਾਲਾਂ ਵਿਚ 450 ਮੈਗਾਵਾਟ ਦਾ ਇਕ ਵੱਡਾ ਬਿਜਲੀ ਘਰ ਚਾਲੂ ਕੀਤਾ ਜਾਵੇਗਾ।

# ਵਿਭਚਾਰ ਦੇ ਦੋਸ਼ ਵਿਚ ਮੌਤ ਦੀ ਸਜ਼ਾ

ਸੁਰਜਾ — ਭਾਰਤ ਦੇ ਇਕ 29 ਸਾਲਾ ਮੁਸਲਮਾਨ ਨੂੰ ਵਿਭਚਾਰ ਦੇ ਦੋਸ਼ ਵਿਚ "ਪੱਥਰ ਮਾਰ ਮਾਰ ਕੇ ਮਾਰਨ ਦੀ ਸਜ਼ਾ" ਸੁਣਾਈ ਗਈ ਹੈ। ਇਹ ਸੂਚਨਾ ਸੰਯੁਕਤ ਅਰਬ ਅਮੀਰਾਤ ਦੇ ਇਕ ਅਖਬਾਰ "ਅਲਖਲੀਜ਼" ਨੇ ਦਿਤੀ। ਉਸ ਦੀ ਹਿੰਦੂ ਸਾਥਣ ਨੂੰ, ਜਿਸ ਨੇ ਗਰਭਪਾਤ ਕਰਵਾਇਆ, ਤਿੰਨ ਮਹੀਨੇ ਦੀ ਸਜ਼ਾ ਸੁਣਾਈ ਗਈ ਅਤੇ ਦੇਸ਼ ਵਾਪਸ ਭੇਜਣ ਦਾ ਹੁਕਮ ਦਿਤਾ।

ਕਾਰਕਾ ਇਲ ਕਾਦਰ ਦੂਜਾ ਭਾਰਤੀ ਨਾਗਰਿਕ ਹੈ ਜਿਸ ਨੂੰ ਇਕ ਹਫਤੇ ਤੋਂ ਵੀ ਘੱਟ ਸਮੇਂ ਦੌਰਾਨ ਵਿਭਚਾਰ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਿਤੀ ਗਈ ਹੈ। ਇਸਲਾਮ ਦੇ ਨਿਯਮਾਂ ਅਨੁਸਾਰ ਜੇ ਕੋਈ ਸ਼ਾਦੀਸ਼ੁਦਾ ਮੁਸਲਮਾਨ ਵਿਭਚਾਰ ਕਰਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ।

# ਪਤਨੀ ਦੇ ਕਤਲ ਦੇ ਦੋਸ਼ ਹੇਠ ਪਤੀ ਕਾਬੂ

ਮੋਰਿੰਡਾ — ਰੋਪੜ ਦੇ ਡੀ. ਐਸ. ਪੀ. ਨੇ ਪਿੰਡ ਚਲਾਕੀ ਦੀ ਸ੍ਰੀਮਤੀ ਕਰਮਜੀਤ ਕੌਰ ਦੇ ਕਤਲ ਦੇ ਦੋਸ਼ ਹੇਠ ਉਸ ਦੇ ਪਤੀ ਅਜੀਤ ਸਿੰਘ ਨੂੰ ਹੀ ਗ੍ਰਿਫਤਾਰ ਕਰ ਲਿਆ ਹੈ। ਸ੍ਰੀਮਤੀ ਕਰਮਜੀਤ ਕੌਰ ਦੇ ਪਤੀ ਨੇ 14 ਅਕਤੂਬਰ ਨੂੰ ਮੋਰਿੰਡਾ ਪੁਲੀਸ ਕੋਲ ਰਿਪੋਰਟ ਲਿਖਾਈ ਸੀ ਕਿ ਪਿੰਡ ਦੇ ਦੋ ਵਿਅਕਤੀਆਂ ਨੇ ਉਸ ਦੀ ਪਤਨੀ ਨੂੰ ਕਤਲ ਕਰ ਦਿਤਾ ਹੈ।

ਪਤਾ ਲੱਗਾ ਹੈ ਕਿ ਉਸ ਨੇ ਜਿਨ੍ਹਾਂ ਵਿਅਕਤੀਆਂ ਵਿਰੁਧ ਕੇਸ ਦਰਜ ਕਰਵਾਇਆ ਸੀ ਉਹ ਅਸਲ ਵਿਚ ਉਸ ਦੀ ਪਤਨੀ ਨੂੰ ਬਚਾਉਣ ਲਈ ਗਏ ਸਨ। ਪਿੰਡ ਦੀ ਪੰਚਾਇਤ ਵਲੋਂ ਜ਼ੋਰ ਦੇਣ ਉਤੇ ਆਈ. ਜੀ. ਪੁਲੀਸ ਸ੍ਰੀ ਐਸ ਐਸ ਸੇਖੋਂ ਨੇ ਇਸ ਕਤਲ ਦੀ ਮੁੜ ਜਾਂਚ ਕਰਨ ਦਾ ਆਦੇਸ਼ ਦਿਤਾ ਸੀ। ਇਸ ਕਤਲ ਦੇ ਸਬੰਧ ਵਿਚ ਪਹਿਲਾਂ ਫੜੇ ਗਏ ਵਿਅਕਤੀਆਂ ਨੂੰ ਰਿਹਾਅ ਕਰ ਦਿਤਾ ਗਿਆ

# ਤਲਵੰਡੀ ਦਲ ਦੀ ਪੰਜ ਮੈਂਬਰੀ ਕਮੇਟੀ ਕਾਇਮ

ਪਟਿਆਲਾ — ਰਣਧੀਰ ਸਿੰਘ ਚੀਮਾ ਸਾਬਕਾ ਮੰਤਰੀ, ਜਿਨ੍ਹਾਂ ਥੋੜ੍ਹਾ ਸਮਾਂ ਪਹਿਲਾਂ ਸੰਯੁਕਤ ਅਕਾਲੀ ਦਲ ਨੂੰ ਛੱਡ ਦਿਤਾ ਸੀ, ਨੇ ਪੰਜ ਮੈਂਬਰੀ ਕਮੇਟੀ ਬਣਾਈ ਹੈ ਜੋ ਅਕਾਲੀ ਦਲ (ਤਲਵੰਡੀ) ਦਾ ਕੰਮਕਾਜ ਚਲਾਏਗੀ। ਇਸ ਗੱਲ ਦਾ ਐਲਾਨ ਰਣਧੀਰ ਸਿੰਘ ਚੀਮਾ ਦੇ ਨੇੜਲੇ ਸਾਥੀ ਦਵਿੰਦਰ ਸਿੰਘ ਪਪੂ ਨੇ ਕੀਤਾ ਜੋ ਕੁਝ ਸਮਾਂ ਪਹਿਲਾਂ ਸੰਯੁਕਤ ਅਕਾਲੀ ਦਲ ਦਾ ਸਲਾਹਕਾਰ ਰਿਹਾ ਹੈ।

ਕਮੇਟੀ ਵਿਚ ਦੋ ਸਾਬਕਾ ਮੰਤਰੀ ਜਸਵਿੰਦਰ ਸਿੰਘ ਬਰਾੜ ਅਤੇ ਸਤਵੰਤ ਕੌਰ ਸੰਧੂ ਅਤੇ ਇਕ ਸਾਬਕਾ ਐਮ. ਐਲ. ਏ. ਗੁਰਬਚਨ ਸਿੰਘ ਲਖਮੀਵਾਲਾ ਅਤੇ ਚਿਰੰਜੀ ਲਾਲ ਐਡਵੋਕੇਟ ਬਠਿੰਡਾ ਹਨ ਜਦ ਕਿ ਰਣਧੀਰ ਸਿੰਘ ਚੀਮਾ ਇਸ ਕਮੇਟੀ ਦੇ ਕਨਵੀਨਰ ਹੋਣਗੇ।

# ਜਗਰਾਉਂ ਖੇਤਰ ਵਿਚ ਹਸਪਤਾਲ ਬਣੇਗਾ

ਸਥਾਨਕ ਸਿਵਲ ਰੈਸਟ ਹਾਊਸ ਵਿਚ ਹੋਈ ਇਕ ਇਕੱਤਰਤਾ ਵਿਚ ਜ਼ਿਲਾ ਡਿਪਟੀ ਕਮਿਸ਼ਨਰ ਸ੍ਰੀ ਕੇ. ਆਰ. ਲਖਨਪਾਲ, ਸ. ਗੁਰਦੀਪ ਸਿੰਘ ਭੈਣੀ ਵਿਧਾਇਕ ਅਤੇ ਲੁਧਿਆਣਾ ਦੇ ਸੀ. ਐਮ. ਓ. ਨੇ ਇਕ ਫੈਸਲੇ ਰਾਹੀਂ ਨਿਰਣਾ ਕੀਤਾ ਹੈ ਕਿ ਜਗਰਾਵਾਂ ਖੇਤਰ ਦੇ ਲੋਕਾਂ ਨੂੰ ਸੁਚੱਜੀਆਂ ਸਿਹਤ ਸੇਵਾਵਾਂ ਦੀ ਪੂਰਤੀ ਲਈ ਜਗਰਾਵਾਂ-ਸਿੱਧਵਾਂ ਬੇਟ ਮਾਰਗ ਉਤੇ ਇਕ ਹਸਪਤਾਲ ਉਸਾਰਿਆ ਜਾਏਗਾ, ਜਿਸ ਦਾ ਘੇਰਾ ਸਾਢੇ 8 ਏਕੜ ਭੂਮੀ ਵਿਚ ਹੋਵੇਗਾ। ਇਕੱਤਰਤਾ ਵਿਚ ਇਹ ਵੀ ਪ੍ਰਗਟਾਵਾ ਕੀਤਾ ਗਿਆ ਕਿ ਜਗਰਾਵਾਂ ਦੇ ਪੰਜਾਬ ਰੋਡਵੇਜ਼ ਉਪ-ਡੀਪੂ ਨੂੰ ਛੇਤੀ ਹੀ ਡੀਪੂ ਵਿਚ ਤਬਦੀਲ ਕੀਤਾ ਜਾ ਰਿਹਾ ਹੈ, ਤਾਂ ਕਿ ਉਪ . ਮੰਡਲ ਜਗਰਾਵਾਂ ਦੇ ਲੋਕਾਂ ਨੂੰ ਆਵਜਾਈ ਦੀਆਂ ਸਹੂਲਤਾਂ ਮੁਹੱਈਆ ਹੋ ਸਕਣ।

ਕੁਝ ਸੀਨੀਅਰ ਅਕਾਲੀ ਨੇਤਾਵਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਹੁਣ ਸ. ਬਰਨਾਲਾ ਜੋ ਮੁਖ ਮੰਤਰੀ ਹੋਣ ਤੋਂ ਇਲਾਵਾ ਦਲ ਦੇ ਬਾਕਾਇਦਾ ਪ੍ਰਧਾਨ ਬਣਨ ਬਾਅਦ ਅਕਾਲੀ ਦਲ ਨੂੰ ਸੁਯੋਗ ਅਗਵਾਇਅ ਦੇਣਗੇ, ਇਨ੍ਹਾਂ ਜਥੇਬੰਦੀਆਂ ਨੂੰ ਵੱਧ ਸਸਰਗਰਮ ਕਰਨ ਲਈ ਪਿਛਲੇ ਕੁਝ ਸਮੇਂ ਤੋਂ ਯਤਨਸ਼ੀਲ ਸਨ। ਇਸ ਮੰਤਵ ਲਈ ਕੁਝ "ਅਣਚਾਹੇ" ਨੇਤਾਵਾਂ ਨੂੰ ਪਿਛੇ ਕੀਤੇ ਜਾਣਾ ਜ਼ਰੂਰੀ ਸੀ। ਇਨ੍ਹਾਂ ਨੇਤਾਵਾਂ ਦਾ ਇਹ ਵੀ ਕਹਿਣਾ ਸੀ ਕਿ ਕੁਝ ਵਿੰਗਾਂ ਦੀ ਉਪਰਲੀ ਲੀਡਰਸ਼ਿਪ ਵਲੋਂ ਵਜ਼ਾਰਤ ਤੇ ਬੋਰਡ/ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਜਾਂ ਦੂਜੇ ਲਾਭਕਾਰੀ ਅਹੁਦਿਆਂ 'ਚ ਢੁਕਵੀਂ ਨੁਮਾਇੰਦਗੀ ਦੇ ਕੇ "ਪੰਥ ਦੀ ਸੇਵਾ" ਦਾ ਮੌਕਾ ਦੇਣ ਲਈ ਵਾਰ ਵਾਰ ਪਾਈ ਜਾਂਦੀ ਰਹੀ "ਕਾਵਾਂ ਰੌਲੀ" ਇਕ ਵਾਰ ਤਤਾਂ ਠੰਢੀ ਪੈ ਜਾਵੇਗੀ।

ਕੁਝ ਵੀ ਹੋਵੇ ਇਸ ਫੈਸਲੇ ਨੇ ਸ. ਬਰਨਾਲਾ ਨੂੰ ਹਾਲ ਦੀ ਘੜੀ ਅਕਾਲੀ ਦਲ ਦਾ "ਗੈਰ-ਐਲਾਨੀਆ ਡਿਕਟੇਟਰ" ਥਾਪ ਦਿਤਾ ਹੈ ਤੇ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਬਾਅਦ ਕਿਸੇ ਅਕਾਲੀ ਮੁਖੀ ਨੂੰ ਪਹਿਲੀ ਵਾਰ ਇੰਨੀ ਵੱਡੀ ਸਰਬਸੰਮਤੀ ਨੇ ਪੰਥ ਦੀ ਵਾਗਡੋਰ ਫੜਾਈ ਹੈ। ਸਿਰਫ ਅਗਵਾਈ ਲਈ ਹੀ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਇਸ ਦਾ ਨਵ-ਨਿਰਮਾਣ ਕਰਨ ਲਈ ਵੀ।

— ਦਲਜੀਤ ਸਿੰਘ

# ਦਲ ਦੇ ਵਿੰਗ ਭੰਗ ਹੋਣ ਨਾਲ ਨੇਤਾ ਦੁਖੀ, ਸਫਾਂ ਵਿਚ ਖੁਸ਼ੀ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟ ਅਜਲਾਸ ਵਲੋਂ ਦਲ ਦੇ ਪਾਰਲੀਮਾਨੀ ਬੋਰਡ ਤੋਂ ਇਲਾਵਾ ਦੂਜੇ ਸਾਰੇ ਵਿੰਗ ਭੰਗ ਕਰ ਦੇਣ ਦੇ ਫੈਸਲੇ ਦੇ ਅਕਾਲੀ ਰਾਜਨੀਤੀ ਉਤੇ ਨਿਸਚੇ ਹੀ ਲੱ ਦੂਰ-ਰਸ ਪ੍ਰਭਾਵ ਪੈਣਗੇ। ਇਸ ਤੋਂ ਇਲਾਵਾ ਪ੍ਰਧਾਨ ਚੁਣੇ ਜਾਣ ਬਾਅਦ ਸ. ਸੁਰਜੀਤ ਸਿੰਘ ਬਰਨਾਲਾ ਵਲੋਂ ਆਪਣੇ ਭਾਸ਼ਨ ਦੌਰਾਨ ਦਲ ਤੋਂ ਟੁੱਟ ਕੇ ਵੱਖ ਵੱਖ ਧੜੇ ਬਣਾ ਲੈਣ ਵਾਲੇ ਅਕਾਲੀ ਨੇਤਾਵਾਂ ਤੇ ਵਰਕਰਾਂ ਨੂੰ ਦਲ ਦੀ ਮੁਖ ਧਾਰਾ ਵਿਚ ਵਾਪਸ ਆਉਣ ਲਈ ਕੀਤੀ ਅਪੀਲ ਵੀ ਬੇਅਸਰ ਨਹੀਂ ਜਾਣ ਲੱਗੀ।

ਯੂਥ ਅਕਾਲੀ ਦਲ, ਸਿੱਖ ਬੁੱਧੀਜੀਵੀ ਕੌਂਸਲ, ਹਰੀਜਨ ਤੇ ਪਛੜੀਆਂ ਸ਼੍ਰੇਣੀਆਂ ਵਿੰਗ, ਇਸਤਰੀ ਅਕਾਲੀ ਦਲ, ਕਿਸਾਨ ਵਿੰਗ ਤੇ ਕਰਮਚਾਰੀ ਦਲ ਆਦਿ ਦੇ ਭੰਗ ਕਰ ਦੇਣ ਬਾਰੇ ਅਚਾਨਕ ਕੀਤੇ ਗਏ ਐਲਾਨ ਨੇ ਇ ਜਿਥੇ ਇਨ੍ਹਾਂ ਜਥੇਬੰਦੀਆਂ ਦੇ ਨੇਤਾਵਾਂ ਦੇ ਪੈਰਾਂ ਹੇਠੋਂ ਇਕ ਵਾਰ ਤਾਂ ਜ਼ਮੀਨ ਖਿਸਕਾ ਦਿਤੀ ਉਥੇ "ਮੁਖ ਧਾਰਾ 'ਚ ਵਾਪਸੀ" ਦੀ ਅਪੀਲ ਨੇ ਪਹਿਲਾਂ ਹੀ ਖੇਰੂੰ ਖੇਰੂੰ ਹੋ ਚੁੱਕੇ ਸੰਯੁਕਤ ਅਕਾਲੀ ਦਲ ਦੇ ਨੇਤਾਵਾਂ ਨੂੰ ਹੋਰ ਡਾਵਾਂਡੋਲ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।

ਦਲ ਦੇ ਪਾਰਲੀਮਾਨੀ ਬੋਰਡ ਨੂੰ ਭੰਗ ਕੀਤੇ ਜਾਣ ਦਾ ਮ ਮਾਮਲਾ ਤਾਂ ਇਸ ਦੇ ਕਨਵੀਨਰ ਸੰਤ ਅਜੀਤ ਸਿੰਘ ਤੇ ਇਕ ਮੈਂਬਰ ਸ੍ਰੀ ਬਲਬੀਰ ਸਿੰਘ ਬਰਾੜ ਵਲੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਚੋਣ ਲਈ ਸ. ਗੁਰਚਰਨ ਸਿੰਘ ਟੌਹੜਾ ਨੂੰ ਖੜ੍ਹਾ ਕਰਨ ਦਾ ਵਿਰੋਧ ਕਰਨ ਬਾਅਦ ਹੀ ਜ਼ੋਰ ਫੜ ਗਿਆ। ਇਸ ਲਈ ਇਸ ਨੂੰ ਤੋੜ ਦੇਣਾ ਲਗਭਗ ਤੈਅ ਸੀ। ਪਰ ਜਿਉਂ ਹੀ ਯੂ. ਕੇ. ਅਕਾਲੀ ਦਲ ਦੇ ਡੈਲੀਗੇਟ ਸ. ਸੁਰਜੀਤ ਸਿੰਘ ਸਹੋਤਾ ਵਲੋਂ ਪੇਸ਼ ਤੇ ਅਕਾਲੀ ਵਿਧਾਇਕ ਸ. ਜਸਦੇਵ ਸਿੰਘ ਸੰਧੂ ਵਲ ਵਲੋਂ ਤਾਈਦ ਕੀਤੇ ਮਤੇ ਨੂੰ ਇਕੋ ਸਾਹੇ ਪਾਸ ਕਰਕੇ ਡੈਲੀਗੇਟ ਅਜਲਾਸ ਨੇ ਸਾਰੇ ਵਿੰਗਾਂ ਨੂੰ ਤੋੜਨ ਦੀ ਪ੍ਰਵਾਨਗੀ ਦਿਤੀ ਤਾਂ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ "ਜ਼ਿੰਦਾਬਾਦ", "ਜ਼ਿੰਦਾਬਾਦ" ਦੇ ਨਾਅਰੇ ਲਾ ਰਹੇ ਬਹੁਗਿਣਤੀ ਯੂਥ ਅਕਾਲੀ ਵਰਕਰ ਭੰਬਲ- ਭੂਸਿਆਂ 'ਚ ਪੈ ਗਏ। ਹਾਲ ਦੇ ਆਸੀਂ-ਪਾਸੀਂ ਇਕੱਠੇ ਹੋਏ ਸੈਂਕੜੇ ਅਕਾਲੀ ਵਰਕਰਾਂ ਵਿਚਲੀਆਂ ਕੁਝ ਟੋਲੀਆਂ ਵਿਚ ਇਸ ਫੈਸਲੇ ਉਤੇ ਕੁਝ ਚਰਚਾ ਚਲ ਪਈ। ਦੂਜੇ ਪਾਸੇ ਸੰਯੁਕਤ ਅਕਾਲੀ ਦਲ ਦੇ ਦਫਤਰ ਅੱਗੇ ਖੜ੍ਹੇ ਵਰਕਰਾਂ ਨੇ ਵੀ ਮੁਖ ਧਾਰਾ 'ਚ ਮੁੜਨ ਵਾਲਿਆਂ ਦੇ ਨਾਂ ਟਿਕਣੇ ਸ਼ੁਰੂ ਕਰ ਦਿਤੇ।

ਯੂਥ ਅਕਾਲੀ ਦਲ ਦਾ ਪ੍ਰਧਾਨ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਐਮ. ਐਲ. ਏ. ਜਿਸ ਦੀ ਲੀਡਰਸ਼ਿਪ ਕਾਇਮ ਰਹਿਣੀ ਲਗਭਗ ਯਕੀਨੀ ਹੈ, ਇਸ ਫੈਸਲੇ ਨੂੰ ਸਰਕਾਰੀ ਢੰਗ ਨਾਲ ਲੈਣ ਦਾ ਪ੍ਰਭਾਵ ਦੇ ਰਿਹਾ ਸੀ। ਉਸ ਨੇ ਆਹਪਣੇ ਸਾਥੀਆਂ ਨਾਲ ਗੱਲਬਾਤ ਸਮੇਂ ਇਸ ਨੂੰ ਜਥੇਬੰਦਕ ਲੋ*ੜ ਦੱਸਿਆ। ਇਸਤਰੀ ਅਕਾਲੀ ਦਲ, ਜਿਸ ਦੀ ਲੀਡਰਸ਼ਿਪ ਨੂੰ ਲੈ ਕੇ ਧਰਮ ਯੁੱਧ ਮੋਰਚੇ ਦੇ ਸਮੇਂ ਤੋਂ ਹੀ ਦਾਅਵੇ ਪ੍ਰਤੀ ਦਾਅਵੇ ਚਲਦੇ ਆ ਰਹੇ ਹਨ, ਦੀ ਪ੍ਰਧਾਨ ਡਾ. ਰਾਜਿੰਦਰ ਕੌਰ ਕਿਧਰੇ ਨਜ਼ਰੀਂ ਨਹੀਂ ਸੀ ਪੈ ਰਹੀ। ਸ਼ਾਇਦ ਡੈਲੀਗੇਟ ਵਜੋਂ ਨਾ ਸੱਦੇ ਜਾਣ ਕਾਰਨ ਉਨ੍ਹਾਂ ਨੇ "ਗੈਰਹਾਜ਼ਰ" ਰਹਿਣਾ ਬਿਹਤਰ ਸਮਝਿਆ। ਹਰੀਜਨ ਤੇ ਪਛੜੀਆਂ ਸ਼੍ਰੇਣੀਆਂ ਵਿੰਗ ਦੇ ਨੇਤਾ ਸ੍ਰੀ ਗੋਬਿੰਦ ਸਿੰਘ ਕਾਂਝਲਾ ਐਮ. ਐਲ. ਏ. ਵੀ ਹਾਲ ਦੀ ਇਕ ਕੰਧ ਕੋਲ ਚੁੱਪ ਮੁਦਰਾ 'ਚ ਖੜ੍ਹੇ ਸਨ।

ਪਰ ਸਭ ਤੋਂ ਪਤਲੀ ਹਾਲਤ ਬੁੱਧੀਜੀਵੀ ਕੌਂਸਲ, ਜਿਸ ਦੀ ਅੰਦਰੂਨੀ ਫੁੱਟ ਪਿਛਲੇ ਦਿਨੀਂ ਕਾਫੀ ਉਭਰ ਕੇ ਸਾਹਮਣੇ ਆ ਗਈ ਸੀ, ਦੇ ਕਨਵੀਨਰ ਪ੍ਰੋ: ਬਲਦੇਵ ਸਿੰਘ ਬੁੱਲ੍ਹਆਣਾ ਦੀ ਸੀ। ਉਹ ਹਾਲ ਦੇ ਬਾਹਰ ਖੜ੍ਹਾ ਵਾਰ ਵਾਰ ਇਹ ਜ਼ੋਰ ਦੇ ਰਿਹਾ ਸੀ ਕਿ ਇਹ ਮਤਾ ਤਾਂ ਸਿਰਫ ਪਾਰਲੀਮਾਨੀ ਬੋਰਡ ਤੋੜਨ ਬਾਰੇ ਹੈ, ਵਿੰਗਾਂ ਦੀ ਮੱਦ ਤਾਂ ਐਵੇਂ "ਭੁਲੇਖੇ" ਨਾਲ ਪੈ ਗਈ। ਇਥੋਂ ਤਕ ਕਿ ਉਹ ਅਜਲਾਸ ਦੇ ਖਾਤਮੇ ਬਾਅਦ ਕੁਝ ਪੱਤਰਕਾਰਾਂ ਨੂੰ ਘੇਰ ਕੇ ਇਸ "ਭੁਲੇਖੇ" ਤੋਂ ਬਚਣ ਲਈ ਜ਼ੋਰ ਦੇ ਰਿਹਾ ਸੀ।

ਪਰ ਜ਼ਿੰਮੇਵਾਰ ਅਕਾਲੀ ਹਲਕਿਆਂ ਨੇ ਇਨ੍ਹਾਂ ਵਿੰਗਾਂ ਨੂੰ ਤੋੜਨ ਦੇ ਫੈਸਲੇ ਦਾ ਭਰਪੂਰ ਸਵਾਗਤ ਕੀਤਾ ਹੈ। ਇਹ ਹਲਕੇ ਸਮਝਦੇ ਹਨ ਕਿ ਇਨ੍ਹਾਂ ਜਥੇਬੰਦੀਆਂ 'ਚ ਨਵੀਂ ਰੂਹ ਫੂਕਣ ਲਈ ਇਨ੍ਹਾਂ ਦਾ ਪੁਨਰਗਠਨ ਲਾਜ਼ਮੀ ਬਣ ਗਿਆ ਸੀ। ਇਸ ਤੋਂ ਇਲਾਵਾ ਜਥੇਬੰਦੀਆਂ ਦੇ ਪਿਛਲੇ ਕੰਮਾਂ-ਕਾਰਾਂ ਦਾ ਲੇਖਾ-ਜੋਖਾ ਕਰ ਕੇ ਯੋਗ ਨੇਤਾਵਾਂ ਨੂੰ ਵੀ ਢੁਕਵੀਂ ਨੁਮਾਇੰਦਗੀ ਦਿਤੀ ਜਾਵੇਗੀ। ਇਹ ਹਲਕੇ ਮੁਖ ਧਾਰਾ 'ਚ ਵਾਪਸ ਆਉਣ ਵਾਲੇ ਕੁਝ ਨੇਤਾਵਾਂ ਨੂੰ ਵੀ ਇਨ੍ਹਾਂ ਜਥੇਬੰਦੀਆਂ ਦੇ ਕੁਝ ਅਹੁਦੇ ਦਿਤੇ ਜਾਣ ਦੀ ਸੰਭਾਵਨਾ ਨਾਲ ਸਹਿਮਤ ਸਨ।



ਜੇਤੂ ਲੜਕੇ ਲੜਕੀਆਂ ਆਪਣੇ ਅਧਿਆਪਕਾਂ ਨਾਲ

# ਰਾਜਿੰਦਰਾ ਕਾਲਜ ਅਵੱਲ

ਬਠਿੰਡਾ — ਗੰਗਾ ਨਗਰ (ਰਾਜਸਥਾਨ) ਵਿਖੇ ਆਯੋਜਿਤ ਇਕ ਸਭਿਆਚਾਰਕ ਸਮਾਰੋਹ ਦੌਰਾਨ ਹੋਏ ਲੋਕ-ਨਾਚਾਂ ਦੇ ਅੰਤਰਰਾਜੀ ਮੁਕਾਬਲੇ 'ਚ ਰਾਜਿੰਦਰਾ ਸਰਕਾਰੀ ਕਾਲਜ ਬਠਿੰਡਾ ਦੀਆਂ ਵਿਦਿਆਰਥਣਾਂ ਨੇ ਪੰਜਾਬ ਦਾ ਹਰਮਨ ਪਿਆਰਾ ਲੋਕ-ਨਾਚ ਗਿੱਧਾ ਪੇਸ਼ ਕੀਤਾ ਅਤੇ ਪਹਿਲਾ ਇਨਾਮ ਜਿੱਤਿਆ। ਇਸੇ ਕਾਲਜ ਦੇ ਵਿਦਿਆਰਥੀ ਕਲਾਕਾਰਾਂ ਨੇ ਲੋਕ-ਗੀਤ ਗਾਉਣ 'ਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ।

Woods Auto Body
530 Victoria St. NEW WESTMINSTER, B.C.
Collision Repairs & Painting
14 Year's experienced persons



We Serve :
■ Free Estimates ■ I.C.B.C. Claims ■ Rust Repairs
■ Glass installations
All work is guranteed
Come and see
more information : Call
Gurdip [Gordy] Mutti
Ph. Bus. 521-6730
Res. 521-2184

BUYING & SELLING
Farms—Home—Lots
& Commercial Properties
Bus. 877-1138
Pager 667-0868



KULDIP [KAL] R
BEST CHOICE REALTY LTD.
1331 Kingsway, Vancouver, B.C. V5V 3E3
(24 HRS) PHONE: 877-1138
RES: 278-8320

# ਸਾ ਹਿ ਤ ਦ ਰ ਪ ਣ

## ਗੁਜਰਾਤੀ ਕਹਾਣੀ

# ਇਕ ਸ਼ਾਮ ਦੀ ਮੁਲਾਕਾਤ

—ਚੰਦਰਕਾਂਤ ਬਖਸ਼ੀ—

ਦਸੰਬਰ ਦੇ ਤੀਜੇ ਹਫਤੇ ਅਸੀਂ ਮਕਾਨ ਬਦਲਿਆ ਅਤੇ ਨਵੇਂ ਫਲੈਟ ਵਿਚ ਆ ਗਏ। ਫਲੈਟ ਮਕਾਨ ਦੇ ਹੇਠਲੇ ਹਿਸੇ ਵਿਚ ਸੀ। ਇਸ ਵਿਚ ਤਿੰਨ ਰੂਮ, ਕਿਚਨ ਅਤੇ ਬਾਥ ਰੂਮ ਸੀ। ਬਾਹਰ ਨਿੱਕਾ ਜਿਹਾ ਮੈਦਾਨ ਸੀ। ਮੈਦਾਨ ਵਿਚ ਦਸ ਫੁੱਟ ਉਚੀ ਦੀਵਾਰ ਸੀ, ਜਿਸ ਨੂੰ ਹੁਣੇ ਹੁਣੇ ਵਾਈਟ-ਵਾਸ਼ ਕੀਤਾ ਗਿਆ ਸੀ। ਦੀਵਰ ਦੇ ਪਿਛੇ ਕੁਝ ਬਿਰਛ ਅਤੇ ਛੋਟੇ ਛੋਟੇ ਮਕਾਨ, ਜਿਹਨਾਂ ਦੇ ਛੱਪਰ ਕਾਲੇ ਹੋ ਗਏ ਸਨ। ਉਹਨਾਂ ਵਿਚ ਆਕਾਸ਼ ਦੀ ਅਦਲਾ ਬਦਲੀ ਵਿਖਾਈ ਦੇਂਦੀ ਸੀ। ਬਾਰੀਆਂ ਵਿਚੋਂ ਸਾਹਮਣੇ ਦਾ ਮੈਦਾਨ ਵਿਖਾਈ ਦੇਂਦਾ ਸੀ, ਜਿਸ ਵਿਚ ਭਾਂਤ ਭਾਂਤ ਦੇ ਫੁੱਲ ਉਗਾਏ ਹੋਏ ਸਨ।

ਉਪਰ ਦੇ ਹਿੱਸੇ ਵਿਚ ਸਾਡੇ ਬੰਗਾਲੀ ਮਾਲਕ ਅਕਸ਼ ਬਾਬੂ ਆਪਣੀ ਪਤਨੀ ਅਤੇ ਬੱਚਿਆਂ ਨਾਲ ਰਹਿੰਦੇ ਸਨ। ਉਹ ਕਿਸੇ ਸਰਕਾਰੀ ਦਫਤਰ 'ਚ ਕਲਰਕ ਸੀ। ਉਸਦੀ ਪਤਨੀ ਸ਼ੋਭਾ, ਕਣਕ ਭਿੰਨੀ ਸੀ, ਪਰ ਜਦੋਂ ਹੱਸਦੀ ਤਾਂ ਬਹੁਤ ਹੀ ਖੁਲ੍ਹੇ ਹਿਰਦੇ ਨਾਲ। ਰਾਤ ਦੇ ਹਨੇਰੇ ਵਿਚ ਮੈਦਾਨ ਵਿਚ ਉਸਨੂੰ ਘੁੰਮਣ ਦਾ ਸ਼ੌਕ ਸੀ। ਤਿੰਨੇ ਬੱਚੇ ਬਾਲੀਗੰਜ ਦੇ ਕਿਸੇ ਸਕੂਲ ਵਿਚ ਪੜ੍ਹਦੇ ਸਨ।

ਮਕਾਨ ਦੀ ਤਲਾਸ਼ ਵਿਚ ਜਦੋਂ ਮੈਂ ਇਕ ਦਲਾਲ ਦੇ ਨਾਲ ਆਇਆ, ਤਾਂ ਮੇਰੀ ਪਹਿਲੀ ਮੁਲਾਕਾਤ ਸ਼ੋਭਾ ਨਾਲ ਹੋਈ। ਮਕਾਨ ਪੁਰਾਣਾ ਸੀ, ਪਰ ਸਾਡੇ ਫਲੈਟ ਨੂੰ ਵਾਈਟ-ਵਾਸ਼ ਹੋ ਚੁਕਿਆ ਸੀ। ਦਲਾਲ ਨੇ ਮੈਨੂੰ ਬਾਹਰ ਖੜੋਣ ਲਈ ਕਿਹਾ ਸੀ ਅਤੇ ਉਸਨੇ ਸਾਰੀਆਂ ਗੱਲਾਂ ਤਹਿ ਕਰ ਲਈਆਂ ਸਨ ਤਾਂ ਮੈਨੂੰ ਅੰਦਰ ਸਦਿਆ। ਬਾਂਸ ਦੇ ਬਣੇ ਮਕਾਨ ਤੇ ਬੈਠੇ ਮਿਸਤਰੀ ਡਿਸਟੈਂਪਰ ਦੀਆਂ ਕੂਚੀਆਂ ਫੇਰ ਰਹੇ ਸਨ। ਖਾਲੀ ਹੋਣ ਕਾਰਨ ਕਮਰਾ ਵੱਡਾ ਲਗ ਰਿਹਾ ਸੀ। ਦੀਵਾਰਾਂ ਵਿਚੋਂ ਰੰਗ-ਚੂਨੇ ਮਿੱਟੀ ਦੀ ਖੁਸ਼ਬੂ ਆ ਰਹੀ ਸੀ।

'ਤੁਸੀਂ ਮਕਾਨ ਲਉਗੇ ?' ਨਮਸਕਾਰ ਕਰਨ ਦੇ ਪਿਛੋਂ ਉਸ ਮੈਨੂੰ ਪੁੱਛਿਆ

'ਜੀ ਹਾਂ' — ਮੈਂ ਕਿਹਾ ਸੀ।

'ਤੁਸੀਂ ਦੋ ਜੀਅ ਹੋ ?' ਉਸਨੇ ਸਵਾਲ ਕੀਤਾ ਸੀ।

'ਹਾਂ, ਦਲਾਲ ਨੇ ਵਿਚਕਾਰੋਂ ਹੀ ਟੋਕਦਿਆਂ ਕਿਹਾ ਸੀ — 'ਪਤੀ-ਪਤਨੀ ਦੋ ਹਨ, ਹੋਰ ਕੋਈ ਨਹੀਂ। ਤੁਹਾਨੂੰ ਕਿਸੇ ਪ੍ਰਕਾਰ ਦਾ ਕਸ਼ਟ ਨਹੀਂ ਹੋਵੇਗਾ। ਇਹ ਬਹੁਤ ਅੱਛੇ ਲੋਕ ਹਨ।'

ਮੈਂ ਚੁੱਪ ਹੀ ਸਾਧ ਰੱਖੀ ਅਤੇ ਬਾਹਰ ਮੈਦਾਨ ਵਲ ਝਾਕਦਾ ਰਿਹਾ। ਮੈਂ ਸਮਝ ਰਿਹਾ ਸੀ ਕਿ ਸ਼ੋਭਾ ਮੇਰੇ ਸਬੰਧੀ ਪੜਤਾਲ ਕਰ ਰਹੀ ਹੈ।

ਇਹ ਥਾਂ ਸਾਨੂੰ ਪਸੰਦ ਸੀ ਅਤੇ ਮੁਢਲੀਆਂ ਸ਼ਰਤਾਂ ਪੂਰੀਆਂ ਕਰਕੇ ਅਸੀਂ ਦੋ ਦਿਨ ਪਿਛੋਂ ਲਾਰੀ ਵਿਚ ਸਾਰਾ ਸਮਾਨ ਲੈ ਆਏ। ਇਕ ਚੰਗਾ ਦਿਨ ਵੇਖਕੇ ਅਸੀਂ ਰਹਿਣਾ ਵੀ ਸ਼ੁਰੂ ਕਰ ਦਿਤਾ।

ਮੈਂ ਨਿੱਤ ਸਵੇਰੇ ਉਠਦਾ, ਨਾਸ਼ਤਾ ਕਰਦਾ ਤੇ ਬਾਹਰ ਨੂੰ ਤੁਰ ਜਾਂਦਾ ਅਤੇ ਇਕ ਵਜੇ ਵਾਪਸ ਮੁੜਦਾ। ਉਸ ਸਮੇਂ ਖਾਣਾ ਖਾਂਦਾ, ਇਕ ਅੱਧਾ ਘੰਟਾ ਆਰਾਮ ਕਰਦਾ ਤਾਂ ਫੇਰ ਘਰੋਂ ਨਿਕਲ ਜਾਂਦਾ ਅਤੇ ਸਾਢੇ ਨੌਂ ਵਜੇ ਖਾਣਾ ਖਾ ਕੇ, ਪਤਨੀ ਨਾਲ ਥੋੜਾ ਬਹੁਤਾ ਲੜ ਝਗੜ ਕੇ ਸੌਂ ਜਾਂਦਾ।

ਮੇਰੀ ਅਤੇ ਸ਼ੋਭਾ ਦੀ ਮੁਲਾਕਾਤ ਘਟ ਹੁੰਦੀ, ਪਰ ਉਹ ਮੇਰੇ ਆਉਣ ਜਾਣ ਦਾ ਸਮਾਂ ਹਮੇਸ਼ਾ ਧਿਆਨ ਵਿਚ ਰਖਦੀ। ਐਤਵਾਰ ਦੇ ਦਿਨ ਦੀ ਗੱਲ ਹੈ, ਮੈਂ ਸਵੇਰੇ ਸਵੇਰੇ ਪਲੰਘ ਤੇ ਪਿਆ ਹੀ ਪੁਸਤਕ ਪੜ੍ਹ ਰਿਹਾ ਸੀ ਕਿ ਉਸਨੇ ਬਾਰੀ ਦੀ ਜਾਲੀ ਕੋਲ ਆ ਕੇ ਮੈਨੂੰ ਪੁੱਛਿਆ — 'ਮਿਸਟਰ ਮਹਿਤਾ ਕੀ ਤੁਹਾਨੂੰ ਫੁੱਲਾਂ ਦਾ ਸ਼ੌਕ ਹੈ ?'

ਮੈਂ ਚਹਿਕ ਪਿਆ। ਪੁਸਤਕ ਨੂੰ ਇਕ ਪਾਸੇ ਰਖਕੇ ਉਠ ਬੈਠਿਆ। ਰਸੋਈ ਵਿਚੋਂ ਸਟੋਵ ਤੇ ਗਰਮ ਰਖੇ ਪਾਣੀ ਦੀ ਆਵਾਜ਼ ਆ ਰਹੀ। ਸਰਲਾ ਏਸ ਸਮੇਂ ਰਸੋਈ ਵਿਚ ਸੀ। ਮੈਂ ਸ਼ੋਭਾ ਨੂੰ ਉਸਦੇ ਸਵਾਲ ਦਾ ਉਤਰ ਦੇਂਦਿਆਂ ਕਿਹਾ, 'ਕੁਝ ਵਿਸ਼ੇਸ਼ ਸ਼ੌਕ ਤਾਂ ਨਹੀਂ ਹੈ।'

ਉਹ ਮੁਸਕਾ ਪਈ। ਕਹਿਣ ਲੱਗੀ — 'ਤੁਹਾਡੀ ਸ੍ਰੀਮਤੀ ਨੂੰ ਤਾਂ ਬਹੁਤ ਸ਼ੌਕ ਹੈ। ਰੋਜ਼ ਸ਼ਾਮ ਨੂੰ ਮੇਰੇ ਕੋਲੋਂਓਂ ਦੋ-ਚਾਰ ਜੂਹੀ ਦੇ ਫੁਲ ਲੈ ਜਾਂਦੀ ਹੈ।'

ਮੈਂ ਵੇਖਦਾ ਹੀ ਰਹਿ ਗਿਆ।

ਏਨੇ ਵਿਚੋਂ ਰਸੋਈ ਘਰ ਵਿਚੋਂ ਆਵਾਜ਼ ਆਈ। ਸ਼ੋਭਾ ਖਿੜਕੀ ਤੋਂ ਦੂਰ ਹਟ ਗਈ ਅਤੇ ਮੈਂ ਖੜੋ ਗਿਆ। ਇਹ ਸਭ ਸਵਿਚ ਦੱਬਣ ਜਿੰਨੀ ਦੇਰ ਵਿਚ ਹੋਇਆ। ਬਿਲਕੁਲ ਹੀ ਸ਼ੀਘਰ।

ਮੇਰੀ ਅਤੇ ਸ਼ੋਭਾ ਦੀ ਮਿਲਣੀ ਬਹੁਤ ਘੱਟ ਹੁੰਦੀ ਸੀ। ਐਤਵਾਰ ਤੋਂ ਬਿਨਾਂ ਮੈਂ ਸਾਰਾ ਦਿਨ ਦੁਕਾਨ ਤੇ ਹੀ ਰਹਿੰਦਾ ਸੀ। ਦੁਪਹਿਰ ਨੂੰ ਆਰਾਮ ਦੇ ਸਮੇਂ ਤੋਂ ਬਿਨਾਂ ਮੈਂ ਸਵੇਰ ਦੇ ਅੱਠ ਵਜੇ ਤੋਂ ਰਾਤ ਦੇ ਸਾਢੇ ਨੌਂ ਵਜੇ ਤਕ ਘਰ ਤੋਂ ਬਾਹਰ ਹੀ ਰਹਿੰਦਾ। ਸਵੇਰੇ ਸ਼ੋਭਾ ਹੇਠ ਆਉਂਦੀ ਅਤੇ ਮੇਰੇ ਜਾਣ ਪਿਛੋਂ ਸਰਲਾ ਨਾਲ ਗੱਲਾਂ ਕਰਦੀ। ਰਾਤੀਂ ਜਦੋਂ ਵਾਪਸ ਆਉਂਦਾ ਤਾਂ ਸਰਲਾ ਸਭ ਗੱਲਾਂ ਦੀ ਰਿਪੋਟ ਦੇਂਦੀ ਅਤੇ ਮੈਂ ਬਿਨਾਂ ਧਿਆਨ ਦਿਤੇ ਸੁਣ ਲੈਂਦਾ।

ਇਸ ਢੰਗ ਨਾਲ ਕੁਝ ਦਿਨ ਬੀਤਣ ਤੇ ਮੈਨੂੰ ਇੰਜ ਲਗਿਆ ਕਿ ਮੇਰੀ ਸ਼ੋਭਾ ਵਿਚ ਦਿਲਚਸਪੀ ਵਧ ਰਹੀ ਹੈ। ਇਸ ਵਿਚ ਅਸੁਭਾਵਕਤਾ ਦੀ ਕੋਈ ਗੱਲ ਨਹੀਂ ਸੀ, ਫੇਰ ਵੀ ਮੈਂ ਇਸ ਨੂੰ ਸਪਸ਼ਟ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ। ਸ਼ੋਭਾ ਕਾਲੀ ਸੀ, ਕੰਮ ਵਿਚ ਰੁਝੀ ਹੋਈ ਤਿੰਨ ਬੱਚਿਆਂ ਦੀ ਮਾਂ ਸੀ। ਮੈਂ ਬੇਲੋੜਾ ਵਿਚਾਰਾਂ ਵਿਚ ਡੁਬ ਜਾਂਦਾ। ਸੋਚਦਾ, ਨਿਰਸੰਦੇਹ ਸ਼ੋਭਾ ਵਿਚ ਆਕਰਸ਼ਣ ਸੀ। ਤਿੰਨ ਬੱਚਿਆਂ ਨੂੰ ਜਨਮ ਦੇਣ ਪਿਛੋਂ ਵੀ ਉਸਦੇ ਸਰੀਰ ਵਿਚ ਸਰਲਾ ਨਾਲੋਂ ਵਧੇਰੇ ਚੰਚਲਤਾ ਸੀ। ਉਹ ਹੱਸਦੀ ਮਖੌਲ ਕਰਦੀ ਵੇਖਦੀ, ਇਹ ਸਭ ਏਨਾ ਨਿਰਦੋਸ਼ ਹੁੰਦਾ ਕਿ ਘਬਰਾਹਟ ਪੈਦਾ ਹੋ ਜਾਂਦੀ। ਉਸ ਦੀਆਂ ਉਭਰੀਆਂ ਹੋਈਆਂ ਛਾਤੀਆਂ ਤੇ ਮੈਂ ਨਜ਼ਰ ਟਿਕਾ ਦੇਂਦਾ, ਅਤੇ ਮੈਨੂੰ ਲਗਦਾ ਮੈਂ ਕੋਈ ਗੁਨਾਹ ਕਰ ਰਿਹਾ ਹਾਂ। ਕਦੇ ਕਦੇ ਮੈਂ ਸੋਚਣ ਲਗਦਾ, ਕਿਸੇ ਦਿਨ ਸਰਲਾ ਘਰ ਨਾ ਹੋਵੇ, ਸ਼ਾਮ ਹੋਵੇ ਸ਼ੋਭਾ ਅਚਾਨਕ ਮੇਰੇ ਕਮਰੇ ਵਿਚ ਆ ਕੇ ਬਾਰੀਆਂ ਬੰਦ ਕਰ ਦੇਵੇ — ਫੇਰ ਮੈਂ ਇਹਨਾਂ ਵਿਚਾਰਾਂ 'ਚ ਗੁੰਮ ਜਾਂਦਾ। ਇਸ ਸਬੰਧ ਵਿਚ ਮੈਂ ਸਰਲਾ ਨਾਲ ਕੋਈ ਗੱਲ ਨਹੀਂ ਕੀਤੀ। ਉਹ ਕਦੇ ਗੱਲਾਂ ਵਿਚ ਹੀ ਸ਼ੋਭਾ ਦੀ ਚਰਚਾ ਛੇੜਦੀ ਤਾਂ ਲਾਪਰਵਾਹੀ ਦਾ ਬਹਾਨਾ ਕਰਕੇ ਧਿਆਨ ਨਾਲ ਉਸ ਦੀਆਂ ਗੱਲਾਂ ਵੀ ਸੁਣਦਾ।

ਸ਼ਨੀਵਾਰ ਰਾਤ ਨੂੰ ਅਤੇ ਐਤਵਾਰ ਨੂੰ ਸਵੇਰੇ ਮੈਂ ਅਤੇ ਸਰਲਾ ਫਿਲਮ ਵੇਖਣ ਜਾਂਦੇ। ਜਦੋਂ ਕਦੇ ਅਸੀਂ ਘਰੋਂ ਬਾਹਰ ਨਿਕਲਦੇ, ਸ਼ੋਭਾ ; ਨਿਸ਼ਚਿਤ ਰੂਪ ਵਿਚ ਬਾਰੀ ਵਿਚ ਬੈਠੀ ਹੁੰਦੀ। ਉਹ ਸਰਲਾ ਦੇ ਸਾਹਮਣੇ ਮੇਰੀ ਪ੍ਰਸੰਸਾ ਕਰਦੀ ਅਤੇ ਸਰਲਾ ਸਭ ਕੁਝ ਮੈਨੂੰ ਦੱਸ ਦੇਂਦੀ। ਇਕ ਦਿਨ ਅਸੀਂ ਫਿਲਮ ਵੇਖਣ ਜਾ ਰਹੇ ਸੀ। ਰਾਹ ਵਿਚ ਸਰਲਾ ਨੇ ਕਿਹਾ — ਸ਼ੋਭਾ ਬਹੁਤ ਹੁਸ਼ਿਆਰ ਇਸਤਰੀ ਹੈ। ਇਸਦੇ ਘਰ ਵਿਚ ਰਹਿੰਦਿਆਂ ਮੈਨੂੰ ਕੋਈ ਡਰ ਨਹੀਂ ਲਗਦਾ।'

ਮੈਂ ਕਿਹਾ, ਗੱਲ ਠੀਕ ਹੈ, ਹੈ ਵੀ ਤਾਂ ਸ਼ੇਰਨੀ ਵਰਗੀ। ਇਸਦੇ ਹੁੰਦਿਆਂ ਭੈਅ ਕਾਹਦਾ ?

ਸਰਲਾ ਕਹਿਣ ਲਗੀ — 'ਕੌਣ ਕਿੰਨੇ ਵਜੇ ਆਉਂਦਾ ਹੈ, ਕਦੋਂ ਜਾਂਦਾ, ਸਭ ਦਾ ਖਿਆਲ ਰਖਦੀ ਹੈ। ਤੁਸੀਂ ਕਿਸ ਬਸ ਰੂਟ ਤੋਂ ਜਾਂਦੇ ਹੋ ਅਤੇ ਪਿਛਲੇ ਐਤਵਾਰ ਨੂੰ ਤੁਸੀਂ ਕਿਹੜੇ ਕੱਪੜੇ ਪਾ ਰਖੇ ਸਨ, ਉਸਨੂੰ ਪਤਾ ਹੈ।'

'ਅਜੇਹਾ ? ਤੈਨੂੰ ਆਖਿਆ ਹੋਣਾ ਏਂ ?

'ਹਾਂ, ਮੈਨੂੰ ਕਹਿ ਰਹੀ ਸੀ, ਸਰਲਾ ਤੂੰ ਲੜਕਾ ਚੰਗਾ ਫੜਿਆ ਹੈ।

ਮੈਂ ਸਰਲਾ ਵੱਲ ਵੇਖਿਆ ਤੇ ਅੱਖਾਂ ਮਿਲਦਿਆਂ ਹੀ ਉਹ ਹੱਸ ਪਈ।

'ਉਸ ਦੀ ਗੱਲ ਸਹੀ ਹੈ।' ਮੈਂ ਕਿਹਾ 'ਤੂੰ ਠੀਕ ਹੀ ਲੜਕਾ ਚੰਗਾ ਫੜਿਆ ਹੈ।'

'ਰਹਿਣ ਵੀ ਦੇਵੋ ਹੁਣ, ਸ਼ਾਦੀ ਕਰਨ ਦੀ ਕਾਹਲ ਵੀ ਤੁਹਾਨੂੰ ਹੀ ਸੀ। ਮੈਂ ਤਾਂ ਪਹਿਲਾਂ ਨਾਂਹ ਕਰਦੀ ਰਹੀ ਸੀ।

ਮੈਂ ਕਿਹਾ, 'ਫੇਰ ਤੂੰ ਸੋਚਿਆ ਹੋਵੇਗਾ ਕਿ ਵਧੇਰੇ ਖਿਚਤਾਣ ਹੋਵੇਗੀ ਤਾਂ ਲੜਕਾ ਹੱਥਾਂ ਵਿਚੋਂ ਨਾ ਨਿਕਲ ਜਾਵੇ, ਏਸ ਲਈ ਸਵੀਕਾਰ ਕਰ ਲਿਆ ਨਾ।

ਸਾਹਮਣੇ ਤੋਂ ਆਉਂਦੀ ਹੋਈ ਟੈਕਸੀ ਨੂੰ ਰੋਕ ਕੇ ਅਸੀਂ ਦੋਵੇਂ ਉਸ ਵਿਚ ਬਹਿ ਗਏ।

ਦਿਨ ਲੰਘਦੇ ਰਹੇ। ਕਦੇ ਕਦੇ ਮੈਂ ਦੁਕਾਨ ਜਾਣ ਲਈ ਬਾਹਰ ਨਿਕਲਦਾ ਤਾਂ ਸ਼ੋਭਾ ਮੈਦਾਨ ਵਿਚ ਖੜੋਤੀ ਮੈਨੂੰ ਵੇਖਦੀ ਰਹਿੰਦੀ। ਸਰਲਾ ਦੇ ਹੁੰਦਿਆਂ ਵੀ ਹੁਣ ਉਹ ਮੇਰੇ ਨਾਲ ਹੱਸ-ਹੱਸ ਗੱਲਾਂ ਕਰਦੀ। ਅਜੇਹੀ ਹਾਲਤ ਵਿਚ ਅਸੀਂ ਬੰਗਾਲੀ ਵਿਚ ਗੱਲ ਕਰਦੇ, ਜਿਸ ਨੂੰ ਸਰਲਾ ਨਾ ਸਮਝ ਸਕਦੀ। ਅਕਸ਼ ਬਾਬੂ ਨਾਲ ਮੇਰੀ ਕੋਈ ਵਿਸ਼ੇਸ਼ ਗਲਬਾਤ ਨਾ ਹੁੰਦੀ। ਆਫਿਸ ਤੋਂ ਬਿਨਾਂ ਉਹ ਘਰ ਵਿਚ ਹੀ ਬੈਠੇ ਰਹਿੰਦੇ। ਕਦੇ ਕਦੇ ਰਵਿੰਦਰ ਸੰਗੀਤ ਗਾਣ ਦੀ ਆਵਾਜ਼ ਸੁਣਾਈ ਦੇਂਦੀ ਜਾਂ ਸਵੇਰੇ ਸਬਜ਼ੀ ਲੈ ਕੇ ਆਉਂਦੇ ਹੋਏ ਵਿਖਾਈ ਦੇਂਦੇ।

ਇਕ ਵਾਰ ਸਰਲਾ ਨੇ ਮੇਰੇ ਕੋਲੋਂ ਪੁਛਿਆ — ਜਾਪਦਾ ਹੈ ਇਸਦਾ ਬਾਬੂ ਕੁਝ ਕਰਦਾ ਕੁਰਦਾ ਨਹੀਂ। ਵਿਧਵਾ ਵਾਂਗ ਘਰ ਵਿਚ ਹੀ ਬੈਠਿਆ ਰਹਿੰਦਾ ਹੈ।

ਮੈਂ ਕਿਹਾ, 'ਕਿਤੇ ਨੌਕਰੀ ਕਰਦਾ ਹੈ ਅਤੇ ਸਾਡੇ ਕੋਲੋਂ ਕਰਾਇਆ ਮਿਲ ਜਾਂਦਾ ਹੈ, ਬਸ ਗੱਡੀ ਰੁੜ ਰਹੀ ਹੈ। ਏਨਾ ਜ਼ਰੂਰ ਹੈ ਕਿ ਆਦਮੀ ਬਿਲਕੁਲ ਸ਼ਾਂਤ ਸੁਭਾ ਦਾ ਹੈ।'

ਸਰਲਾ ਕਹਿਣ ਲੱਗੀ, 'ਤਾਂ ਵੀ ਇਹਨਾਂ ਦੋਹਾਂ ਦੀ ਜੋੜੀ ਕਿਵੇਂ ਮਿਲੀ ? ਸ਼ੋਭਾ ਦੇ ਪਿਤਾ ਤਾਂ ਪੈਸੇ ਵਾਲੇ ਸਨ, ਹੀਰੇ ਜਵਾਹਰਾਤ ਦੀ ਦੁਕਾਨ ਸੀ ਅਤੇ ਇਸਨੇ ਆਪ ਵੀ ਕਾਨਵੈਂਟ ਵਿਚ ਵਿਦਿਆ ਪਾਈ ਹੈ।'

ਮੈਂ ਕਿਹਾ, 'ਕਾਨਵੈਂਟ 'ਚੋਂ ਵਿਚਾਰੀ ਜ਼ਨਾਨਖਾਨੇ ਵਿਚ ਘੁਸ ਗਈ।

'ਜ਼ਨਾਨਖਾਨੇ ਵਿਚ ਇਹ ਨਹੀਂ ਘੁਸੀ, ਸਗੋਂ ਪਤੀ ਨੂੰ ਜ਼ਨਾਨਖਾਨੇ ਵਿਚ ਘੁਸੇੜ ਰਖਿਆ ਹੈ।' ਸਰਲਾ ਨੇ ਕਿਹਾ ਅਤੇ ਅਸੀਂ ਦੋਵੇਂ ਹੱਸ ਪਏ।

ਮੈਂ ਕਿਹਾ; 'ਤੂੰ ਜਾਣਦੀ ਹੈ, ਆਪਣੇ ਫਲੈਟ ਦਾ ਰੰਗ ਰੀਪੇਅਰਇੰਗ ਸਭ ਇਸ ਨੇ ਆਪ ਕੀਤਾ ਹੈ। ਪੱਕੀ ਬਿਜ਼ਨੈਸ ਵੂਮਨ ਹੈ। ਬੰਗਾਲੀਆਂ ਵਿਚ ਤਾਂ ਅਜੇਹੀ ਇਸਤਰੀ ਮੁਸ਼ਕਲ ਨਾਲ ਹੀ ਮਿਲਦੀ ਹੈ।' ਸਰਲਾ ਨੇ ਮੇਰੀ ਗੱਲ ਦਾ ਕੋਈ ਉਤਰ ਨਹੀਂ ਦਿਤਾ। ਮੈਨੂੰ ਅਜਿਹਾ ਨਹੀਂ ਜਾਪਿਆ ਕਿ ਉਹ ਕਿਸੇ ਹੋਰ ਵਿਚਾਰਾਂ ਵਿਚ ਖੋ ਗਈ ਹੋਵੇ।

ਦਿਨ ਬੀਤ ਰਹੇ ਸਨ, ਸ਼ੋਭਾ ਮੇਰੇ ਖਿਆਲਾਂ ਨੂੰ ਫੜ ਰਹੀ ਸੀ। ਦਿਨ ਰਾਤ ਮੈਨੂੰ ਉਸਦੇ ਖਿਆਲ ਆਉਂਦੇ ਰਹਿੰਦੇ। ਮੈਂ ਹੀ ਇਹ ਜਾਣ ਲਿਆ ਸੀ ਕਿ ਉਹ ਮੇਰੇ ਨਾਲ ਗੱਲ ਕਰਨਾ ਚਾਹੁੰਦੀ ਹੈ, ਮੌਕੇ ਦੀ ਭਾਲ 'ਚ ਹੈ। ਉਹ ਕਿਸੇ ਵੀ ਪ੍ਰਕਾਰ ਦੀ ਮੂਰਖਤਾ ਕਰਨ ਵਾਲੀ ਨਹੀਂ ਸੀ। ਜਦੋਂ ਉਹ ਬਗੀਚੇ ਵਿਚ ਫੁਲ ਲੈਣ ਆਉਂਦੀ ਤਾਂ ਮੈਂ ਛੁੱਟੀ ਦੇ ਦਿਨ ਪਲੰਘ ਤੇ ਪਏ ਪਏ ਜਾਂ ਸ਼ੇਵ ਕਰਦੇ ਹੋਏ ਉਸਦੀਆਂ ਅੱਖਾਂ ਨੂੰ ਵੇਖਦਾ ਤਾਂ ਉਹਨਾਂ ਅੱਖਾਂ ਵਿਚ ਇਕਾਂਤ ਵਿਚ ਮਿਲਣ ਦੀ ਇੱਛਿਆ ਨੂੰ ਸਮਝ ਲੈਂਦਾ ਸਾਂ। ਸਰਲਾ ਸਾਰਾ ਦਿਨ ਘਰ ਵਿਚ ਰਹਿੰਦੀ ਹੈ, ਸ਼ੋਭਾ ਨੂੰ ਆਪਣੇ ਬੱਚਿਆਂ ਤੋਂ ਵਿਹਲ ਨਹੀਂ ਮਿਲਦੀ ਅਤੇ ਮੈਂ ਬਹੁਤਾ ਸਮਾਂ ਦੁਕਾਨ ਤੇ ਹੀ ਗੁਜ਼ਾਰਦਾ ਹਾਂ। ਇਕ ਦਿਨ ਸਵੇਰ ਉਸ ਮੈਨੂੰ ਕਿਹਾ — 'ਮਿਸਟਰ ਮਹਿਤਾ, ਤੁਸੀਂ ਤਾਂ ਬਹੁਤ ਮਜ਼ਦੂਰੀ ਕਰਦੇ ਹੋ ?'

'ਕੀ ਕੀਤਾ ਜਾਵੇ ?' ਮੈਂ ਕਿਹਾ, 'ਕਿਸਮਤ ਵਿਚ ਇਹੋ ਲਿਖਿਆ ਹੈ ਤਾਂ ...।'

'ਤੁਹਾਡੀ ਜੇਹੀ ਕਿਸਮਤ ਤਾਂ ...' ਕਹਿੰਦੀ ਉਹ ਅਨੋਖੇ ਢੰਗ ਨਾਲ ਮੁਸਕਰਾਈ ਤੇ ਕਹਿਣ ਲੱਗੀ —'ਬਹੁਤ ਘੱਟ ਲੋਕਾਂ ਵਿਚ ਇਹ ਕੁਝ ਮਿਲਦਾ ਹੈ। ਮੈਂ ਵੀ ਹੱਸ ਪਿਆ ਸੀ।

'ਮੈਂ ਇਕ ਵਾਰ ਤੁਹਾਡੀ ਦੁਕਾਨ ਤੇ ਆਣਾ ਹੈ' ਉਸ ਆਖਿਆ।

ਇਹ ਗੱਲ ਸੁਣ ਕੇ ਮੈਂ ਇਕ ਦਮ ਘਬਰਾ ਗਿਆ। ਦੁਕਾਨ ਦੀ ਦੁਨੀਆਂ ਵਿਚ ਮੈਂ ਸ਼ੋਭਾ ਨੂੰ ਆਉਣ ਨਹੀਂ ਦੇਣਾ ਚਾਹੁੰਦਾ ਸੀ। ਮੈਂ ਤੁਰੰਤ ਕਿਹਾ, 'ਤੁਹਾਨੂੰ ਜਿਸ ਚੀਜ਼ ਦੀ ਲੋੜ ਹੈ, ਮੈਨੂੰ ਆਖੋ, ਮੈਂ ਲੈਂਦਾ ਆਵਾਂਗਾ। ਦਿਨ ਵਿਚ ਚਾਰ ਵਾਰ ਤਾਂ ਆਉਂਦਾ ਜਾਂਦਾ ਹਾਂ। ਅਤੇ ਫੇਰ ਏਨੀ ਤਕਲੀਫ ਕਿਉਂ ਕਰੋ ? ਹੋ ਸਕਦਾ ਹੈ ਤੁਸੀਂ ਆਵੋ ਤੇ ਸ਼ਾਇਦ ਮੈਂ ਬਾਹਰ ਗਿਆ ਹੋਵਾਂ, ਮਿਲਾਂ ਭਾਵੇਂ ਨਾ ਮਿਲਾਂ।'

## .ਗਜ਼ਲ

ਗੁਰਚਰਨ ਰਾਮਪੁਰੀ

ਗ਼ਮ ਬੁਰਾ ਹੈ, ਪਰ ਇਹ ਤਿਰਾ ਗ਼ਮ ਹੈ,
ਅੱਥਰੂ ਵੀ ਕਲੀ ਦਾ ਸ਼ਬਨਮ ਹੈ।

ਹਿਜਰ ਵਿੱਚ ਤੇਰੇ ਦਰਦ ਦਾ ਚਾਨਣ,
ਮੇਰੀ ਹਰ ਰਾਤ ਹੁਣ ਤਾਂ ਪੂਨਮ ਹੈ।

ਉਮਰ ਦੇ ਰਾਹ 'ਚ ਉਹ ਉਜਾੜਾਂ ਨੇ,
ਗ਼ੈਰ ਇੰਝ ਜਾਪਦਾ ਕਿ ਮਹਿਰਮ ਹੈ।

ਦੁੱਖ ਦੀ ਦਾਸਤਾਨ ਹੀ ਸੋਹਣੀ,
ਚਿੱਤ੍ਰ ਵਿਚ ਖਿਜ਼ਾਂ ਖੂਬ ਮੌਸਮ ਹੈ।

ਕਿੰਨੀ ਮਿੱਠੀ ਗੁਨਾਹ ਦੀ ਲੱਜ਼ਤ ?
ਕਰਦੀ ਫਨੀਅਰ ਦੀ ਕੂੰਜ ਝਮ ਝਮ ਹੈ।

ਕਲੀ ਮੁਰਝਾ ਗਈ ਬਹਾਰ 'ਚ ਹੀ
ਪੱਤਝੜ ਘਰ ਤਾਂ ਉਸਦਾ ਮਾਤਮ ਹੈ।

ਸ਼ੋਭਾ ਮੇਰੇ ਵੱਲ ਵੇਖਦੀ ਹੀ ਰਹਿ ਗਈ।

ਏਧਰ ਕੁਝ ਦਿਨਾਂ ਤੋਂ ਸਰਲਾ ਦੀ ਹਾਜ਼ਰੀ ਵਿਚ ਗਲ ਕਰਨੀ ਬੰਦ ਕਰ ਦਿਤੀ। ਸਰਲਾ ਨਾਲ ਉਹਦੇ ਚੰਗੇ ਸਬੰਧ ਸਨ। ਅਜੇਹੇ ਸਮੇਂ ਮੈਂ ਜੇ ਆ ਵੀ ਜਾਂਦਾ ਤਾਂ ਹਸਦਿਆਂ ਹੋਇਆ ਕਹਿੰਦੀ — 'ਚੰਗਾ ਮੈਂ ਚਲਦੀ ਹਾਂ, ਹੁਣ ਤੁਸੀਂ ਦੋਵੇਂ ਗੱਲਾਂ ਕਰੋ।' ਅਤੇ ਉਹ ਤੁਰੰਤ ਚਲੀ ਜਾਂਦੀ।

ਕਈ ਦਿਨ ਲੰਘ ਗਏ। ਸ਼ੋਭਾ ਇਕ ਦਮ ਨੇੜੇ ਹੁੰਦੇ ਹੋਏ ਵੀ ਕਿੰਨੀ ਦੂਰ ਸੀ ਉਸ ਨਾਲ ਦਿਲ ਖੋਲਕੇ ਗੱਲਾਂ ਕਰਨ ਨੂੰ ਸਮਾਂ ਨਹੀਂ ਸੀ ਮਿਲਦਾ। ਉਹ ਹਮੇਸ਼ਾ ਯਤਨ ਕਰਦੀ ਮੇਰੇ ਨੇੜੇ ਆਉਣ ਦਾ, ਪਰ ਘਰ ਵਿਚ ਇਕਾਂਤ ਮਿਲਦਾ ਹੀ ਨਹੀਂ ਸੀ। ਸਰਲਾ ਹਮੇਸ਼ਾ ਘਰ ਵਿਚ ਹੁੰਦੀ। ਕਦੇ ਮੌਕਾ ਹੀ ਨਹੀਂ ਮਿਲਿਆ ਕਿ ਸਰਲਾ ਬਾਹਰ ਗਈ ਹੋਵੇ ਤੇ ਘਰ ਵਿਚ ਮੈਂ ਇਕੱਲਾ ਹੋਵਾਂ। ਉਸ ਦਿਨ ਦੀ ਕਲਪਨਾ ਕਰਕੇ ਹੀ ਕੰਬ ਜਾਂਦਾ ਹਾਂ। ਸ਼ੋਭਾ ਦਾ ਖਿਆਲ ਆਉਂਦਿਆਂ ਹੀ ਮੈਂ ਗਰਮੀ ਮਹਿਸੂਸ ਕਰਦਾ ਅਤੇ ਆਖਰ ਨਿਰਾਸ਼ ਹੋ ਕੇ ਸੋਚਣ ਲਗਦਾ ਕਿ ਅਜੇਹਾ ਮੌਕਾ ਕਿਸੇ ਦਿਨ ਆਏ ਜਦੋਂ ਫਲੈਟ ਵਿਚ ਇਕਾਂਤ ਮਿਲਣੀ ਹੋਵੇਗੀ। ਮਜ਼ਾ ਇਹ, ਜਿਵੇਂ ਜਿਵੇਂ ਨਿਰਾਸ਼ਾ ਵਧਦੀ, ਇੱਛਾ ਹੋਰ ਵਧੇਰੇ ਤੇਜ਼ ਹੁੰਦੀ। ਸ਼ੋਭਾ ਗਰਮ ਇਸਤਰੀ ਹੈ। ਉਸਦੀਆਂ ਅੱਖਾਂ ਵਿਚ ਜਵਾਨੀ ਦਾ ਤੂਫਾਨ ਸੀ ਅਤੇ ਸਰੀਰ ਤੇ ਪੂਰੀ ਜਵਾਨੀ ਸੀ। ਮੈਂ ਉਸ ਲਈ ਤੜਪ ਰਿਹਾ ਸੀ।

ਮੈਨੂੰ ਏਧਰ ਓਧਰ ਦੇ ਅਨੇਕ ਵਿਚਾਰ ਆਉਂਦੇ। ਰੋਜ਼ ਸ਼ਾਮੀ, ਸੜਕਾਂ ਤੇ ਮੱਧਮ ਗੈਸ ਲਾਈਟਾਂ ਜਗ ਪੈਂਦੀਆਂ। ਮੈਂ ਉਦਾਸ ਹੋ ਜਾਂਦਾ ਅਤੇ ਮੇਰਾ ਅੱਧਾ ਸਿਰ ਦੁਖਣ ਲਗ ਪੈਂਦਾ। ਕਦੇ ਕਦੇ ਘਰ ਆਉਣ ਨੂੰ ਦਿਲ ਕਰਦਾ ਤਾਂ ਮੈਂ ਦੁਕਾਨ ਤੋਂ ਬਾਹਰ ਆ ਕੇ ਜਾਂ ਏਅਰ ਕੰਡੀਸ਼ਨ ਹੋਟਲ ਵਿਚ ਬਹਿ ਕੇ ਕੌਫੀ ਪੀਂਦਾ। ਇਕ ਦਿਨ ਬੇਹੱਦ ਬੇਚੈਨੀ ਮਹਿਸੂਸ ਕੀਤੀ ਤਾਂ ਮੈਂ ਸ਼ਾਮੀ ਛੇਤੀ ਘਰ ਆ ਗਿਆ। ਸਰਲਾ ਸਬਜ਼ੀ ਲੈਣ ਗਈ ਹੋਈ ਸੀ। ਮੈਂ ਦਰਵਾਜ਼ਾ ਬੰਦ ਕੀਤਾ ਕੱਪੜੇ ਬਦਲੇ ਅਤੇ ਪਲੰਘ ਤੇ ਪਿਆ ਹੋਇਆ ਸੀ ਕਿ ਡੋਰ-ਬੈਲ ਦੀ ਆਵਾਜ਼ ਆਈ — ਦਰਵਾਜ਼ਾ ਖੋਲਿਆ — ਸਾਹਮਣੇ ਸ਼ੋਭਾ ਖੜੋਤੀ ਸੀ।

'ਅੱਜ ਤੁਸੀਂ ਬਹੁਤ ਜਲਦੀ ਆ ਗਏ' ਉਸ ਮੈਨੂੰ ਪੁਛਿਆ।

'ਹਾਂ, ਕੁਝ ਤਬੀਅਤ ਠੀਕ ਨਹੀਂ ਸੀ।' ਮੈਂ ਕਿਹਾ ਅਤੇ ਇਕ ਦਮ ਆਪਣੀ ਤਬੀਅਤ ਨੂੰ ਭੁਲ ਗਿਆ।

'ਸਰਲਾ ਹੁਣੇ ਹੁਣੇ ਸਬਜ਼ੀ ਲੈਣ ਗਈ ਹੈ ਅਤੇ ਮੁੜਨ ਵਿਚ ਅਜੇ ਅੱਧਾ ਘੰਟਾ ਲੱਗੇਗਾ। ਮੈਂ ਤੁਹਾਨੂੰ ਆਉਂਦੇ ਹੋਏ ਵੇਖਿਆ ਕਿ ਚਲੋ ਮਿਲ ਆਵਾਂ — ਮੈਨੂੰ ਵੀ ਸੰਦੇਹ ਸੀ ਕਿ ਤੁਹਾਡੀ ਤਬੀਅਤ ਠੀਕ ਨਹੀਂ ਹੋਣੀ।'

'ਅੰਦਰ ਆ ਜਾਓ — ਮੈਂ ਆਖ ਦਿਤਾ। ਮੇਰੇ ਕੰਨ ਗਰਮ ਹੋ ਗਏ। ਉਸ ਨੇ ਅੰਦਰ ਆ ਕੇ ਦਰਵਾਜ਼ਾ ਬੰਦ ਕਰ ਲਿਆ। ਅਸੀਂ ਇਕ ਦੂਜੇ ਨੂੰ ਸਮਝ ਗਏ ਸਾਂ। ਜਾਪ ਰਿਹਾ ਸੀ ਕਿ ਅੱਜ ਮੌਕਾ ਮਿਲ ਹੀ ਗਿਆ। ਅਸੀਂ ਦੋਵੇਂ ਵੱਡੇ ਕਮਰੇ ਵਿਚ ਆ ਗਏ ਸੀ। ਮੇਰਾ ਦਿਲ ਧੜਕ ਰਿਹਾ ਸੀ। ਸ਼ੋਭਾ ਸਾਹਮਣੇ ਸੀ ਅਤੇ ਸਰਲਾ ਦੇ ਮੁੜਨ ਵਿਚ ਅਜੇ ਅੱਧਾ ਘੰਟਾ ਬਾਕੀ ਸੀ ....

ਉਸਨੇ ਕਿਹਾ, ਮੈਂ ਤੁਹਾਡੇ ਨਾਲ ਇਕ ਖਾਸ ਪ੍ਰਾਈਵੇਟ ਗੱਲ ਕਰਨਾ ਚਾਹੁੰਦੀ ਹਾਂ।'

'ਬੈਡ-ਰੂਮ ਵਿਚ ਚਲੋ' ਮੈਂ ਏਨਾ ਹੀ ਕਹਿ ਸਕਿਆ। ਅਸੀਂ ਦੋਵੇਂ ਉਸ ਕਮਰੇ ਵਿਚ ਆ ਗਏ। ਸ਼ਾਮ ਦਾ ਸਮਾਂ ਸੀ, ਹਨੇਰਾ ਹੋ ਚੁਕਿਆ ਸੀ ਤਾਂ ਵੀ ਮੈਂ ਬੱਤੀ ਨਹੀਂ ਜਗਾਈ।

'ਏਥੇ ਕੋਈ ਹੈ ਤਾਂ ਨਹੀਂ।' ਉਸ ਨੇ ਬਹੁਤ ਧੀਮੀ ਆਵਾਜ਼ ਵਿਚ ਪੁਛਿਆ।'

'ਨਹੀਂ, ਫਲੈਟ ਵਿਚ ਅਸੀਂ ਦੋਵੇਂ ਹਾਂ।'

ਉਸਨੇ ਵਿਚਕਾਰਲਾ ਦਰਵਾਜ਼ਾ ਬੰਦ ਕਰਦੇ ਹੋਏ ਕਿਹਾ, ਸਾਹਮਣੇ ਮਕਾਨ ਵਾਲੇ ਸਾਨੂੰ ਵੇਖਣ, ਮੈਨੂੰ ਇਹ ਪਸੰਦ ਨਹੀਂ ....।

ਕਮਰਾ ਸੁੰਨਾ ਸੀ।

ਉਸਨੇ ਮੈਨੂੰ ਨੇੜੇ ਆਉਣ ਦਾ ਇਸ਼ਾਰਾ ਕੀਤਾ। ਮੈਂ ਉਸ ਵੱਲ ਖਿਚਿਆ ਗਿਆ। ਇੰਜ ਲਗ ਰਿਹਾ ਸੀ ਕਿ ਮੈਂ ਕੰਬ ਪਵਾਂਗਾ।

ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹਿਣ ਲੱਗੀ — ਮੈਂ ਤੁਹਾਨੂੰ ਕੁਝ ਕਹਿਣ ਆਈ ਹਾਂ, ਸ਼ਾਮੀਂ ਹਰ ਰੋਜ਼ ਇਕ ਆਦਮੀ ਤੁਹਾਡੀ ਪਤਨੀ ਨੂੰ ਮਿਲਣ ਆਂਦਾ ਹੈ — ਕੀ ਤੁਹਾਨੂੰ ਪਤਾ ਹੈ ?

ਮੈਂ ਕੰਬ ਉਠਿਆ ਸਾਂ।

# ਸਾ ਹਿ ਤ ਦ ਰ ਪ ਣ

## ਪ੍ਰੀਤ—ਮੰਦਰ

ਕਵਿਤਾ

ਦਰਸ਼ਨ ਸਿੰਘ ਅਵਾਰਾ

ਓ ਰੱਬ ਮਿਲਣ ਦੀ ਆਸ ਤੇ,
ਮੰਦਰਾਂ 'ਚ ਜਾਵਣ ਵਾਲਿਆ !
ਓ ਮਸਜਿਦਾਂ, ਗੁਰਦੁਆਰਿਆਂ ਵਿਚ,
ਸਿਰ ਝੁਕਾਵਣ ਵਾਲਿਆ !
ਓ ਦਰਸ਼ਨਾਂ ਦੀ ਆਸ ਤੇ,
ਮੱਥੇ ਘਸਾਵਣ ਵਾਲਿਆ !
ਓ ਦੀਦ ਦੀ ਉਮੀਦ ਤੇ,
ਜੋਤਾਂ ਜਗਾਵਣ ਵਾਲਿਆ !

ਓਹਦੇ ਮਿਲਣੇ ਦੀ ਜਗ੍ਹਾ,
ਇਹ ਮਸਜਿਦਾਂ, ਮੰਦਰ ਨਹੀਂ ।
ਢੂੰਡਦਾ ਹੈਂ ਤੂੰ ਜਿਨੂੰ,
ਉਹ ਰੱਬ ਇਹਨਾਂ ਅੰਦਰ ਨਹੀਂ ।

ਏਥੇ ਪੰਡਤ ਹੈ ਤੈਨੂੰ,
ਬੁੱਧੂ ਬਣਾਵਣ ਵਾਸਤੇ ।
ਇਕ ਹੈ ਮੁੱਲਾਂ, ਦੋਜ਼ਖਾਂ ਦਾ
ਸਹਿਮ ਪਾਵਣ ਵਾਸਤੇ ।
ਇਕ ਹੈ ਭਾਈ, ਮੁਕਤੀਆਂ ਦੀ
ਆਸ ਲਾਵਣ ਵਾਸਤੇ ।

ਸਾਰੇ ਇਹ ਅੱਡੇ ਨੇ ਤੈਨੂੰ
ਲੁਟ ਕੇ ਖਾਵਣ ਵਾਸਤੇ ।

ਇਹ ਮਸੀਤਾਂ, ਗੁਰਦਵਾਰੇ,
'ਰੱਬ ਦੇ ਘਰ' ਅਜ ਕੱਲ੍ਹ ਨਹੀਂ ।
ਰਹਿੰਦਾ ਹੋਵੇਗਾ ਕਦੇ ਏਹਨਾਂ 'ਚ,
ਪਰ ਅਜ ਕੱਲ੍ਹ ਨਹੀਂ ।

ਏਥੇ ਗੋਡੇ ਟੇਕਣਾ ਤੇ
ਸਿਰ ਨਿਵਾਣਾ ਨੇਮ ਹੈ ।
ਲਿਲ੍ਹਕਣਾ ਮੰਗਣਾ ਤੇ ਪੱਲੇ
ਗਲ 'ਚ ਪਾਣਾ ਨੇਮ ਹੈ ।
ਰੋਲਣਾ ਸ੍ਵੈ-ਮਾਨ ਨੂੰ,
ਮੱਥੇ ਘਸਾਣਾ ਨੇਮ ਹੈ ।
ਤਰਲਿਆਂ ਮਿਨਤਾਂ ਦੇ ਵਿਚ
ਜੀਵਨ ਬਿਤਾਣਾ ਨੇਮ ਹੈ ।

ਪੈਰਾਂ ਹੇਠ ਰੋਲਿਆ ਜਾਂਦਾ ਹੈ
ਸ੍ਵੈ-ਮਵਿਸ਼ਵਾਸ਼ ਨੂੰ ।
ਤੁਛ ਜਿ ਕਿਹਾ ਜਾਂਦਾ ਹੈ
'ਰੱਬ ਦੇ ਨੂਰ' ਨੂੰ, ਪਰਕਾਸ਼ ਨੂੰ ।

ਏਥੇ ਸੱਚ ਕਹਿਣਾ 'ਗੁਨਾਹ' ਹੈ,
ਦਿਲ ਸੁਣਾਣਾ 'ਪਾਪ' ਹੈ ।
'ਦਹਿਰੀਅਤ' ਹੈ ਖੋਜ ਕਰਨਾ,
ਸ਼ਕ ਲਿਆਣਾ 'ਪਾਪ' ਹੈ ।
ਘੋਖ 'ਮਨਮੁਖਤਾ' ਨੂੰ,
ਘਸਵੱਟੀ ਤੇ ਲਾਣਾ ਪਾਪ ਹੈ ।
ਕੁਫਰ ਹੈ 'ਕੀ ? ਕਿਉਂ ? ਕਿਵੇਂ ?
ਪੁਛਣਾਂ ਪੁਛਾਣਾ ਪਾਪ ਹੈ ।

ਹੈ ਇਨ੍ਹਾਂ ਅੰਦਰ ਮਨ੍ਹਾਂ ਪੜਚੋਲ,
ਵਰਜਿਤ ਹੈ ਦਲੀਲ ।
'ਅਕਲ' ਨੂੰ ਕਰਦੀ ਏ 'ਸ਼ਰਧਾ'
ਰੋਜ਼ ਹੀ ਏਥੇ ਜ਼ਲੀਲ ।

ਏਥੇ ਕੈਦੀ ਪੂਜਦੇ ਨੇ,
ਹਥਕੜੀ ਜ਼ੰਜੀਰ ਨੂੰ ।
ਮੰਨਿਆ ਜਾਂਦੈ ਅਟੱਲ
ਮੱਥੇ ਲਿਖੀ ਤਕਦੀਰ ਨੂੰ ।
ਏਥੇ ਡੋਰੇ ਪਾਏ ਜਾਂਦੇ ਨੇ
ਅਕਲ ਤਦਬੀਰ ਨੂੰ ।
ਛੋੜਿਆ ਜਾਂਦੈ 'ਤਵੱਕਲ' ਹੀ
ਚਾ ਹਰ ਇਕ ਤੀਰ ਨੂੰ ।

ਏਥੇ 'ਆਹਲਸ' 'ਸੁਸਤੀਆਂ',
ਸੂਰਤ 'ਰਜ਼ਾ' ਦੀ ਧਾਰਦੇ ।
ਖਜ ਜੁਰਅਤ, ਕੋਸ਼ਿਸ਼ਾਂ ਨੂੰ
ਰੋਜ਼ ਮਿਹਣੇ ਮਾਰਦੇ ।

ਸ਼ਰਹ ਮਰਿਆਦਾਂ ਦੀਆਂ
ਤੂਫਾਨ, ਘੜਿਆਲ, ਵਾਜੇ,
ਸੰਖ, ਬਾਗਾਂ ਨੇ ਇਥੇ ।
ਗੂੰਜਦੇ ਨਫਰਤ ਦੇ ਨਾਹਰੇ,
ਤੇਜ ਸਾਂਗਾਂ ਨੇ ਇਥੇ ।
ਅਮਨ-ਮਾਰੂ-ਸਾਜ਼ਸ਼ਾਂ,
ਇੱਟਾਂ ਤੇ ਬਾਂਗਾਂ ਨੇ ਇਥੇ ।

ਇਹ ਅਮਲ-ਖਾਨੇ ਨੇ ਹੁਣ
ਬਾਰੂਦ-ਖਾਨੇ ਬਣ ਗਏ ।
ਖੂਨ, ਬਰਬਾਦੀ, ਤਬਾਹ ਦੇ
ਬਹਾਨੇ ਬਣ ਗਏ ।

ਚੱਲਦੇ ਇਹਨਾਂ ਤੋਂ ਨਿਤ
ਛਵੀਆਂ, ਕੁਹਾੜੇ ਦੇਖ ਕੇ ।
ਚਾਰੇ ਪਾਸੇ ਇਹਨਾਂ ਤੋਂ
ਝਗੜੇ ਪੁਆੜੇ ਦੇਖ ਕੇ ।
ਏਥੇ ਸਾਜ਼ਸ਼ ਦੰਗਿਆਂ ਦੀ
ਨਿਤ ਦਿਹਾੜੇ ਦੇਖ ਕੇ ।
ਅਮਨ ਦੇ ਖਿਰਮਨ ਤੇ ਨਿਤ,
ਡਿਗਦੇ ਚੰਗਾੜੇ ਦੇਖ ਕੇ ।

ਮੁੱਦਤਾਂ ਹੋਈਆਂ ਨੇ ਉਹ
ਇਹਨਾਂ ਚੋਂ ਡਰੇ ਚਾ ਗਿਐ ।
ਸਾਰਿਆਂ ਤੋਂ ਰੁਸ ਕੇ ਹੁਣ
ਮੰਦਰ ਨਵੇਂ ਵਿਚ ਆ ਗਿਐ ।
ਵੀਰ ! ਆ !! ਤੈਨੂੰ ਦਿਖਾਵਾਂ,
ਮੈਂ ਇਹ ਮੰਦਰ ਓਸਦਾ ।
ਤਾਰਿਆਂ ਦੇ ਹੇਠ
ਬੇ-ਵਲਗਣ, ਨਵਾਂ ਘਰ ਓਸਦਾ ।
ਧਰਤ ਖਾਕੀ ਫਰਸ਼
ਨੀਲਾ ਛਤ ਹੈ ਅੰਬਰ ਓਸਦਾ ।
ਹਰ ਕਿਸੇ ਦੇ ਵਾਸਤੇ
ਖੁਲ੍ਹੇ ਸਦਾ ਦਰ ਓਸਦਾ ।
ਇਹ ਨਾ ਦੇਖ ਏਥੇ ਕੋਈ,
ਛੱਬੇ ਚੰਦੋਏ ਹਨ ਕਿ ਨਾ ।
ਦੇਖ, ਏਥੇ ਦਿਲ ਪਵਿੱਤਰ,
ਤੇ ਨਰੋਏ ਹਨ ਕਿ ਨਾ ।

ਏਥੇ ਨਹੀਂ ਕੋਈ ਵੇਰਵਾ
ਹਿੰਦੂ ਤੇ ਮੁਸਲਮਾਨ ਦਾ ॥
ਨਾ ਹੈ ਕੋਈ ਫਰਕ
ਅੱਲਾ, ਵਾਹਿਗੁਰੂ, ਭਗਵਾਨ ਦਾ ।
ਨਾ ਕੋਈ ਝਗੜਾ
ਗਰੰਥ, ਅੰਜੀਲ ਤੇ ਕੁਰਆਨ ਦਾ ।
ਪਰਖਿਆ ਜਾਂਦੈ ਮਜ਼ਬ ਦਾ
ਯਾ ਅਮਲ ਇਨਸਾਨ ਦਾ ।
ਹਰ ਕੋਈ ਆਵੇ ਬਿਸ਼ਕ
ਏਥੇ ਦੁੜੰਗੇ ਮਾਰਦਾ ।
ਮਿਲਦਾ ਏ ਪਰਸ਼ਾਦ ਸਭ ਨੂੰ
'ਰੋਸ਼ਨੀ' ਤੇ 'ਪਿਆਰ' ਦਾ ।
ਇਹ ਉਹ ਮੰਦਰ ਹੈ ਜ਼ਿਦੇ ਵਿਚ
ਦਿਲ ਦੁਖਾਣਾ ਮਨ੍ਹਾਂ ਹੈ ।
ਜਜ਼ਬਿਆਂ ਨੂੰ ਛੇੜਨਾ
ਤੇ ਠੀਸ ਲਾਣਾ ਮਨ੍ਹਾਂ ਹੈ ।
ਏਥੇ ਕੌੜਾ ਬੋਲਣਾ
ਉਤਸ਼ਾਹ ਘਟਾਣਾ ਮਨ੍ਹਾਂ ਹੈ ।
ਰਾਹ ਕਿਸੇ ਦਾ ਰੋਕਣਾ,
ਹੱਕ ਖੋਹ ਕੇ ਖਾਣਾ ਮਨ੍ਹਾਂ ਹੈ ।
ਏਥੇ ਪੈਰਾਂ ਦੀ ਜਗਾ,
ਦਿਲ ਧੋ ਕੇ ਆਣਾ ਹੋਇਗਾ ।
ਮਜ਼ਹਬੀ ਤਸਬਾਂ ਤੋਂ
ਖਾਲੀ ਹੋ ਕੇ ਆਣਾ ਹੋਇਗਾ ।
ਹਨ ਗੁਨਾਹ ਇਕੋ ਜਿਹੇ,
ਏਥੇ ਦੋਏ ਝਟਕਾ ਹਲਾਲ ।
ਮਨ੍ਹਾਂ ਹੈ ਇਸ ਥਾਂ ਤੇ,
ਹਥ ਰੰਗਣਾਂ ਕਿਸੇ ਦੇ ਖੂਨ ਨਾਲ ।
ਏਥੇ ਉਠਦਾ ਹੀ ਨਹੀਂ
ਮਸਜਿਦ ਤੇ ਵਾਜੇ ਦਾ ਸਵਾਲ ।
ਖੋਹ ਕੇ ਖਾਣਾ ਹੈ ਮਨ੍ਹਾਂ,
ਦੂਜੇ ਦਾ ਹਕ, ਦੂਜੇ ਦਾ ਮਾਲ ।
ਇਸ ਜਗ੍ਹਾ ਸਦਦੇ ਨਹੀਂ,
ਕਾਤਲ ਨੂੰ 'ਗਾਜ਼ੀ' ਆਖ ਕੇ ।
ਨਾ ਹੀ ਵਡਿਆਂ ਦੇ ਫਰੇਬੀ ਨੂੰ,
'ਨਿਮਾਜ਼ੀ' ਆਖ ਕੇ !
ਏਥੇ ਇਹ ਪੁਛਣਾ ਨਹੀਂ
'ਗਊ-ਦਾਨ ਕੀਤਾ ਈ ਕਿ ਨਾ ?
ਭੋਰਿਆਂ ਵਿਚ ਬਹਿ ਕੇ ਰਬ ਦਾ
ਧਿਆਨ ਕੀਤਾ ਈ ਕਿ ਨਾ ?
'ਯਾਤਰਾ, ਹਜ, ਗੰਗਾਂ ਦਾ
ਇਸ਼ਨਾਨ ਕੀਤਾ ਈ ਕਿ ਨਾ ?
ਪਾਠ ਦਾ ਨੇਮੀ ਏਂ ?
ਅੰਮ੍ਰਿਤ ਪਾਨ ਕੀਤਾ ਈ ਕਿ ਨਾ ?
ਏਥੇ ਚਿੰਨ੍ਹਾਂ ਦੀ ਜਗ੍ਹਾ,
ਅਸਲਾਮਿ ਤੋਲੇ ਜਾਣਗੇ !
ਮਜਹਬੀ ਪੁਸਤਕ ਨਹੀਂ,
ਜੀਵਨ ਫਰੋਲੇ ਜਾਣਗੇ ।
ਏਥੇ ਝਾੜੂ, ਮੁਠੀਆਂ
ਭਰਨੇ ਦੀ ਪਾਬੰਦੀ ਨਹੀਂ ।
ਰੋਜੇ ਰਖ ਕੇ ਭੁਖਿਆਂ
ਮਰਨੇ ਦੀ ਪਾਬੰਦੀ ਨਹੀਂ ।
ਪਾਠ, ਪੂਜਾ, ਸੰਧਿਆ
ਕਰਨੇ ਦੀ ਪਾਬੰਦੀ ਨਹੀਂ ।
ਭੇਟਾ, ਸ਼ੁਕਰਾਨੇ, ਨਜ਼ਰ
ਧਰਨੇ ਦੀ ਪਾਬੰਦੀ ਨਹੀਂ ।

ਇਸ ਜਗ੍ਹਾ ਕੋਈ ਨਹੀਂ
ਸਜਦੇ ਨਿਮਾਜ਼ਾਂ ਮੰਗਦਾ ।
ਨਾ ਕੋਈ ਲੈਂਦਾ ਚੜ੍ਹਾਵੇ,
ਨਾ ਨਿਆਜ਼ਾਂ ਮੰਗਦਾ ।
ਏਥੇ ਹੰਝੂ ਪੂੰਝਣਾ,
ਰੋਂਦੇ ਹਸਾਣਾ ਪੁੰਨ ਹੈ ।
ਦੇ ਕੇ ਠੁਮਣਾ ਆਸ ਦਾ,
ਢਹਿੰਦੇ ਉਠਾਣਾ ਪੁੰਨ ਹੈ ।
ਆਪਣੇ ਸੁਖ ਕੁਰਬਾਨ ਕਰ ਕੇ,
ਦੁਖ ਵੰਡਾਣਾ ਪੁੰਨ ਹੈ ।
ਦਿਲ ਦੇ ਟੁਕੜੇ ਜੋੜਨਾ,
ਵਿਛੜੇ ਮਿਲਾਣਾ ਪੁੰਨ ਹੈ ।
ਦਿਲ ਨਹੀਂ ਸੁਟਦੇ ਇਥੇ,
ਨਿਯਮਾਂ ਦੀ ਸਿਰ ਤੋਂ ਵਾਰ ਕੇ ।
ਸੁਟੀ ਜਾਂਦੀ ਸੌ ਸ਼ਰਹ,
'ਬੰਦੇ ਦੇ ਦਿਲ' ਤੋਂ ਵਾਰ ਕੇ ।
ਏਥੇ ਨਾਹਰਾ ਨਫਰਤਾਂ ਦਾ
ਕੋਈ ਵੀ ਲਾਂਦਾ ਨਹੀਂ ।
ਮਜ਼ਹਬੀ ਅਣਖਾਂ ਦੇ ਨਾਂ ਤੇ
ਕੋਈ ਭੜਕਾਂਦਾ ਨਹੀਂ ।
ਕੋਈ 'ਕਾਫਰ' 'ਨਾਚ', ਮਨਮੁਖ,
ਕਹਿ ਕੇ ਛੁਟਿਆਂਦਾ ਨਹੀਂ ।
ਦਿਲ ਦੁਖਾਊ ਬੋਲ ਏਥੇ
ਬੋਲਿਆ ਜਾਂਦਾ ਨਹੀਂ ।
ਏਥੇ ਸਾਇੰਸ ਫਲਸਫੇ,
ਅਕਲ ਦੀ ਪਰਧਾਨਗੀ ।
ਸਭ ਦੇ ਵਿਚ ਹੈ ਜਾਗਦੀ,
ਗੈਰਤ ਅਤੇ ਮਰਦਾਨਗੀ ।
ਦਿਲਬਰੀ ਮਿਲਦੀ ਏ ਏਥੇ
ਹਰ ਕਿਸੇ ਦੀ ਆਸ ਨੂੰ ।
ਮਿਲਦਾ ਹੈ ਉਤਸ਼ਾਹ ਖੁਦ-ਦਾਰੀ ਨੂੰ
ਸ੍ਵੈ-ਵਿਸ਼ਵਾਸ਼ ਨੂੰ ।
ਲਗਨ ਆਜ਼ਾਦੀ ਦੀ ਲਗਦੀ,
ਹਰ ਗੁਲਾਮ, ਹਰ ਦਾਸ ਨੂੰ ।
ਕੱਢਿਆ ਜਾਂਦੈ ਬਹਿਸ਼ਤਾਂ,
ਦੋਜ਼ਖਾਂ 'ਚੋਂ ਕਿਆਸ ਨੂੰ ।
ਕੀਰਤਨ, ਨਾਹਤਾਂ ਭਜਨ
ਏਥੇ ਸੁਣੇ ਜਾਂਦੇ ਨਹੀਂ ।
ਖੋਟੇ ਸਿੱਕੇ ਇਸ ਖਜ਼ਾਨੇ
ਕੋਈ ਮੁਲ ਪਾਂਦੇ ਨਹੀਂ ।
ਉਚਿਆਂ ਮੰਦਰਾਂ ਦੇ
ਦਿੱਤਾ ਏ ਤੂੰ ਜੀਵਣ ਗੁਜ਼ਾਰ ।
ਕਰ ਚੁਕੈਂ ਸ਼ਾਹੀ ਮਸੀਤਾਂ
ਵਿਚ ਵੀ ਸਜਦੇ ਲੱਖ ਵਾਰ ।
ਮਰਮਰੀ ਫਰਸ਼ਾਂ ਤੇ ਵੀ
ਰਗੜੇ ਨੇ ਮੱਥੇ ਬੇਸ਼ੁਮਾਰ ।
ਭੁੱਲਾ-ਘੁੱਥਾ ਸਾਡੇ ਮੰਦਰ
ਦੀ ਕਦੇ ਇਕ ਝਾਤ ਮਾਰ ।
ਏਥੇ ਤੂੰ ਦੁਖਦਾ ਨਹੀਂ
ਅੱਖੀਆਂ ਵੀ ਤੇ ਚਾਇਆਂ ਤੂੰ ਆ ।
ਚਾ ਭਰੇ ਦਿਲ ਨਾਲ
ਸਭ ਕਹਿੰਦੇ ਨੇ 'ਜੀ ਆਇਆਂ' — ਤੂੰ ਆ ।

## ਗੁਰਚਰਨ ਰਾਮਪੁਰੀ ਦੀਆਂ ਦੋ ਨਜ਼ਮਾਂ

### ਚਾਨਣ ਦਾ ਮੀਂਹ

ਸੁਪਨਾਲੀ ਰਜਨੀ ਦੇ ਸੀਨੇ
ਮਧੁਰ ਮਧੁਰ ਕੋਈ ਗਾਵੇ,
ਟੂਣੇ-ਹਾਰੀ ਬੋਲੀ ਦੇ ਵਿਚ
ਮੈਨੂੰ ਪਿਆ ਬੁਲਾਵੇ ।

ਮੇਰੀ ਰੂਹ ਦੇ ਬੂਹੇ ਕੋਈ
ਮੁੜ ਮੁੜ ਆਣ ਠਕੋਰੇ,
ਦੋ ਅਖੀਆਂ ਜਾਗਦੀਆਂ ਵਿੱਚ ਹੀ
ਸੌ ਸੁਪਨੇ ਲਟਕਾਵੇ ।

ਮੁਸਕਾਣਾਂ ਦਾ ਕਿਰਨ-ਜਾਲ ਇੱਕ
ਸੋਚ ਮੇਰੀ ਦੇ ਅੰਬਰੀਂ,
ਕੱਚੀਆਂ ਡੋਰਾਂ ਨੂਰ ਦੀਆਂ ਬੰਨ੍ਹ
ਕੋਈ ਖਿੱਚਾਂ ਪਾਵੇ ।

ਸੁੱਤੀ ਝੀਲ 'ਚ ਜਾਗਣ ਲਹਿਰਾਂ
ਨੱਚ ਉਠੇ ਚੰਨ ਤਾਰੇ,
ਸੋਚ ਮੇਰੀ ਦੇ ਬਚਪਨ ਨੂੰ
ਕੋਈ ਉਂਗਲੀ ਲਾਈਂ ਜਾਵੇ ।

ਜਾਗੇ ਰਾਤ, ਸੌਂ ਰਹੇ ਲੋਕੀ
ਚਾਨਣ ਦਾ ਮੀਂਹ ਪੈਂਦਾ,
ਦਿਲ ਦੀ ਸੁੰਨੀ ਬਸਤੀ ਵਿਚ
ਕੋਈ ਕਿਰਨਾਂ ਵਾਂਗੂੰ ਆਵੇ ।

ਮਨ ਦੀ ਫੁਲਵਾੜੀ ਵਿਚ ਗੁਣ ਰਹੀ
ਚਾਪ ਬਹਾਰਾਂ ਵਾਲੀ,
ਜਾਦੂ-ਛੋਹ ਸਦਕਾ ਸੁੱਕੇ ਪੱਤ
ਹੁੰਦੇ ਜਾਂਦੇ ਸਾਵੇ ।

ਊਸ਼ਾ ਦੀ ਵਾ ਵਾਂਗੂੰ, ਰੂਹ ਦੀ
ਵਾਦੀ ਵਿਚ ਕੋਈ ਆਉਂਦਾ,
ਦਿਲ ਮੇਰਾ ਪਰਛਾਵੇਂ ਵਾਂਗੂੰ
ਉਸਦਾ ਹੁੰਦਾ ਜਾਵੇ ।

ਸੋਅ ਆਵੇ ਜੀਵਨ ਦਾ ਪਲ ਪਲ
ਕਿਰਨ ਕਿਰਨ ਹੋ ਜਾਣਾ,
ਅਜ ਚਾਨਣ ਅਪਣੇ ਮੁਖੜੇ ਤੋਂ
ਪਰਦੇ ਆਪ ਹਟਾਵੇ ।

ਜਿਉਂ ਧਰਤੀ ਦਾ ਭਰੇ ਕਲਾਵਾ,
ਸੂਰਜ ਨਿੱਤ ਪਰਭਾਤੀਂ
ਸੋਚਾਂ ਦੀ ਦੁਨੀਆਂ ਤੇ ਕੋਈ
ਅੰਬਰ ਵਾਂਗੂੰ ਛਾਵੇ ।

### ਫੁੱਲ ਤਲਵਾਰ ਤੇ ਸ਼ਿਬਲੀ

ਸ਼ਿਬਲੀ ਨੇ ਤਲਵਾਰ ਚਲਾਈ
ਅੱਜ ਦੇ ਮਿੱਤਰ ਫੁੱਲ ਮਾਰਨ ਦਾ ਸੁਘੜ ਸਲੀਕਾ ਨਹੀਂ ਜਾਣਦੇ ।

ਮੇਰੇ ਮਾੜੇ ਭਾਗ ਕਿ ਮੇਰੀ ਮਰਹਮ ਵੀ ਉਸ ਮਹਿਰਮ ਕੋਲੇ
ਜਿਸ ਮੇਰੇ ਆਪਣੇਂ ਨੇ ਮੈਨੂੰ ਕੋਹਿਆ ਹੈ
ਦੁਖ ਹੈ ਮੈਥੋਂ ਪਹਿਲਾਂ ਕਾਹਤੋਂ
ਮਿੱਤਰਾਂ ਦਾ ਵਿਸ਼ਵਾਸ ਅਚਾਨਕ ਮੋਇਆ ਹੈ ।

ਫੱਟੜ ਨੂੰ ਕੀ ਫਰਕ ਹੈ ਇਸ ਦਾ
ਕਿ ਖੰਜਰ ਦੇ ਮੁੱਠੇ ਦਾ ਰੰਗ ਹਈ ਕੇਸਰੀ,
ਨੀਲਾ, ਹਰਾ,ਤਿਰੰਗਾ,
ਵਗਦੀ ਰੱਤ ਦਾ ਰੰਗ ਤਾਂ ਇਕੋ ਸੂਹਾ ਹੈ ।

ਮੇਰੇ ਮਿੱਤਰੋ !
ਬਦਲੇ ਦੇ ਚੱਕਰ ਵਿਚ ਘੁੰਮਦੇ
ਕਿਤੇ ਨਹੀਂ ਅਪੜਾਂਗੇ ਆਪਾਂ,
ਇਸ ਚੱਕਰ ਦਾ ਕੋਈ ਅੰਤ ਨਹੀਂ ਹੈ,
ਇਹ ਚੱਕਰ - ਵਿਊਹ ਤੋੜਨ ਖਾਤਰ ਸਬਰ, ਸਿਆਣਪ ਸਿਰ ਜੋੜੇ ।

ਰਹਿਮ ਕਰੇ ਜ਼ਖਮੀ ਦੇ ਉਤੇ;
ਤੱਤਿਆਂ ਬੋਲਾਂ ਦੀ ਜ਼ਹਿਰੀਲੀ ਪੱਟੀ
ਫੱਟਾਂ ਦਾ ਅੰਗੂਰ ਨਾ ਬਣਦੀ
ਇਹ ਤਾਂ ਉਨ੍ਹਾਂ ਨੂੰ ਕੇਵਲ ਨਾਸੂਰ ਬਣਾ ਸਕਦੀ ਹੈ ।
ਮੇਰੀ ਮਰਹਮ ਬਣਨਾ ਹੈ ਤਾਂ
ਬਣੋ ਪੀੜ ਦੇ ਹਾਣ ਦੇ ।



ਰਾਸ਼ਟਰਪਤੀ ਗਿਆਨੀ ਜ਼ੈਲ ਸਿਘ ਮਾਈ ਭਗਵਾਨ ਕੌਰ ਦਾ ਸਨਮਾਨ ਕਰਦੇ ਹੋਏ ।

# ਖੈਰਾਤ ਵੰਡਦੇ ਹੱਥ .....

ਬਠਿੰਡਾ — ਜ਼ਿਲਾ ਬਠਿੰਡਾ ਦੇ ਪਿੰਡ ਨਰੂਆਣਾ ਵਿਚ ਰਹਿਣ ਵਾਲੀ ਮਾਈ ਭਗਵਾਨ ਕੌਰ ਨੇ ਕਿਸੇ ਅੰਗ-ਸਾਕ ਦੀ ਅਣਹੋਂਦ ਅਤੇ ਆਪਣੇ ਪਤੀ ਸ. ਸੱਜਣ ਸਿੰਘ ਦੇ ਸਦੀਵੀ ਵਿਛੋੜੇ ਦੇ ਦਰਦ ਨੂੰ ਮਨ ਦੇ ਕਿਸੇ ਕੋਨੇ ਵਿਚ ਛੁਪਾ ਕੇ ਆਪਣੀ ਹਯਾਤੀ ਦੇ 85 ਸਾਲਾਂ ਪਿਛੋਂ ਪਿਛਲੇ 55 ਵਰ੍ਹੇ ਖੈਰਾਇਤੀ ਕੰਮਾਂ ਦੇ ਲੇਖੇ ਲਾ ਕੇ ਮਾਨਵ-ਸੇਵਾ 'ਚੋਂ ਹੀ ਆਤਮਕ-ਸੁਖ ਦੀ ਤਲਾਸ਼ ਕੀਤੀ ਹੈ। ਉਸ ਨੇ ਬਾਕਾਇਦਾ ਤਾਲੀਮ ਹਾਸਿਲ ਨਹੀਂ ਕੀਤੀ, ਪਰ ਪੰਜਾਬੀ ਚੰਗੀ ਤਰ੍ਹਾਂ ਪੜ੍ਹ-ਲਿਖ ਸਕਦੀ ਹੈ। ਉਸ ਪਾਸ ਆਪਣੇ ਪਿੰਡ 20 ਕਮਰਿਆਂ ਦੇ ਸ਼ਾਨਦਾਰ ਘਰ ਤੋਂ ਇਲਾਵਾ 25 ਏਕੜ ਜ਼ਮੀਨ ਹੈ, ਪਰ ਇਹ ਸਭ ਕੁਝ ਉਸ ਨੇ ਜ਼ਿਲਾ ਰੈਡ ਕਰਾਸ ਸੁਸਾਇਟੀ ਨੂੰ ਦਾਨ ਕਰਨ ਲਈ ਵਸੀਅਤ ਕਰ ਦਿਤੀ ਹੈ।

ਇਸ ਸਮਾਜ ਸੇਵੀ ਔਰਤ ਵਲੋਂ ਕੀਤੇ ਗਏ ਦਾਨ ਦਾ ਵੇਰਵਾ ਕਾਫੀ ਵਿਸਥਾਰ ਦੀ ਮੰਗ ਕਰਦਾ ਹੈ। ਬਠਿੰਡਾ ਵਿਚ ਰੈਡ ਕਰਾਸ ਬਿਰਧ ਆਸ਼ਰਮ ਦੀ ਉਸਾਰੀ ਲਈ ਮਾਈ ਭਗਵਾਨ ਕੌਰ ਨੇ ਇਕ ਲੱਖ ਰੁਪਏ ਦਾਨ ਕੀਤੇ ਹਨ। ਪਿੰਡ ਨਰੂਆਣਾ ਦੇ ਵਾਟਰ ਵਰਕਸ ਲਈ ਉਸ ਨੇ ਪੰਜ ਏਕੜ ਜ਼ਮੀਨ ਦਾਨ ਕੀਤੀ ਹੈ ਪਿੰਡ ਦਾ ਰੇਲਵੇ ਸਟੇਸ਼ਨ ਬਨਾਉਣ ਲਈ ਵੀ ਉਸ ਨੇ ਜ਼ਮੀਨ ਦਾਨ ਕੀਤੀ ਸੀ। ਉਸ ਨੇ ਹੀ ਪਿੰਡ ਦੇ ਸਰਕਾਰੀ ਸਕੂਲ ਦੀ ਵਿਸ਼ਾਲ ਇਮਾਰਤ ਦੀ ਪੜਾਅ ਵਾਰ ਉਸਾਰੀ ਕਰਵਾਈ ਅਤੇ ਪਿੰਡ ਵਿਚ ਧਰਮਸ਼ਾਲਾ ਵੀ ਬਣਵਾਈ। ਉਸ ਨੇ ਆਪਣੇ ਰਿਹਾਇਸ਼ੀ ਮਕਾਨ ਵਿਚੋਂ 14 ਕਮਰੇ ਹਸਪਤਾਲ ਲਈ ਦਿਤੇ ਅਤੇ ਹੋਰ ਸਮਾਨ ਖਰੀਦਣ ਲਈ 11,000 ਰੁਪਏ ਤੇ ਡਾਕਟਰ ਦੀ ਰਿਹਾਇਸ਼ ਲਈ ਇਮਾਰਤ ਦੀ ਉਸਾਰੀ ਲਈ 14,000 ਰੁਪਏ ਦਾਨ ਵਜੋਂ ਦੇ ਕੇ ਪਿੰਡ ਦੇ ਲੋਕਾਂ ਨੂੰ ਡਾਕਟਰੀ ਸੇਵਾ ਮੁਹੱਈਆ ਕਰਨ ਵਿਚ ਯੋਗਦਾਨ ਪਾਇਆ। ਉਸ ਨੇ ਨਰੂਆਣ-ਬਠਿੰਡਾ ਸੜਕ ਉਪਰ ਢੁਕਵੀਆਂ ਥਾਵਾਂ 'ਤੇ ਦੋ ਖੂਹ ਤੇ ਚਾਰ ਨਲਕੇ ਵੀ ਲਗਵਾਏ। ਸਿਵਲ ਹਸਪਤਾਲ ਬਠਿੰਡਾ ਵਿਚ ਕੰਟੀਨ ਖੋਲ੍ਹਣ ਲਈ ਉਸ ਨੇ 10,000 ਰੁਪਏ ਦਿ ਤੇ ਹਨ। ਉਸ ਨੇ ਕਈ ਹਸਪਤਾਲਾਂ, ਗੁਰਦੁਆਰਿਆਂ ਤੇ ਮੰਦਰਾਂ ਵਿਚ ਬਿਜਲੀ ਦੇ ਪੱਖੇ ਵੀ ਲਗਵਾਏ ਹਨ।

ਜ਼ਿਲਾ ਪੱਧਰ ਤੇ ਰਾਜ ਪੱਧਰ ਦੇ ਸਨਮਾਨ ਉਪਰੰਤ ਮਾਈ ਭਗਵਾਨ ਕੌਰ ਨੂੰ 1 ਅਕਤੂਬਰ 1985 ਨੂੰ ਰਾਸ਼ਟਰਪਤੀ ਭਵਨ ਵਿਚ ਆਯੋਜਤ ਇਕ ਸਮਾਰੋਹ ਵਿਚ ਭਾਰਤ ਦੇ ਰਾਸ਼ਟਰਪਤੀ ਡਾ. ਗਿਆਨੀ ਜ਼ੈਲ ਸਿੰਘ ਵਲੋਂ ਸਨਮਾਨਿਤ ਕੀਤਾ ਗਿਆ।

ਹਰਨੇਕ ਸਿੰਘ ਕੋਮਲ

## 'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਨ ਲਈ ਪਰੇਰੋ

(ਪੰਨਾ 14 ਦੀ ਬਾਕੀ)

ਦਿਸਦੀਆਂ ਸਨ ਤੇ ਸੜਿਆਂਦ ਕਾਰਨ ਆਲਾ ਦੁਆਲਾ ਨਰਕ ਦਾ ਦ੍ਰਿਸ਼ ਪੇਸ਼ ਕਰਦਾ ਸੀ।

ਜਿਵੇਂ ਬਾਬਰ ਦੇ ਹਮਲੇ ਦਾ ਬਾਬਾ ਨਾਨਕ ਜੀ ਜ਼ਿਕਰ ਕਰਦੇ ਹਨ, "ਜਿਨ ਸਿਰ ਸੋਹਨ ਪੱਟੀਆਂ ਮਾਂਗੀਂ ਪਏ ਸੰਧੂਰ ..." ਸੱਚੀਂ ਮੁੱਚੀਂ ਮੁਸਲਮਾਨ ਰਾਜਪੂਤਾਂ ਦੀਆਂ ਬਹੂ-ਬੇਟੀਆਂ ਜੇਹੜੀਆਂ ਪਰਦਿਆਂ ਤੇ ਬੁਰਕਿਆਂ 'ਚ ਲਪੇਟੀਆਂ ਰਹਿੰਦੀਆਂ ਸੀ, ਉਨ੍ਹਾਂ ਦੇ ਹੀ ਨੌਕਰ ਚਾਕਰ ਬਦੋ ਬਦੀ ਆਪਣੇ ਘਰੀਂ ਘੜੀਸ ਕੇ ਲੈ ਗਏ, ਇਹ ਸਭ ਕੁਝ ਅਖੀਂ ਦੇਖਿਆ, ਪਰ ਕਿਸੇ ਦੀ ਮਦਦ ਕਰ ਸਕਣ ਤੋਂ ਹਰ ਕੋਈ ਲਾਚਾਰ ਨਜ਼ਰ ਆ ਰਿਹਾ ਸੀ।

ਏਸ ਘੱਲੂ-ਘਾਰੇ ਵਿਚ ਕਰੋੜਾਂ ਰੁਪੈ ਦੇ ਮਾਲੀ ਨੁਕਸਾਨ ਤੋਂ ਇਲਾਵਾ 10 ਲੱਖ ਨਿਰਦੋਸ਼, ਹਿੰਦੂ ਸਿਖ ਤੇ ਮੁਸਲਮਾਨ, ਔਰਤਾਂ, ਬੱਚੇ ਤੇ ਬੁੱਢੇ ਬੜੀ ਬੇ-ਰਹਿਮਾਨਾਂ ਮੌਤ ਮਰੇ ਅਤੇ ਦੋਵਾਂ ਪਾਸਿਆਂ ਦੇ ਕਾਤਿਲਾਂ ਨੂੰ ਸਜ਼ਾ ਤੇ ਕੀ ਹੋਣੀ ਸੀ ਇਕਦਮ ਅਮੀਰ ਬਣ ਗਏ ਤੇ ਕਿਸੇ ਦੇ ਝਰੀਟ ਸਾਰਖੀ ਨਾ ਆਈ। ਦੇਸ਼-ਵੰਡ ਤੇ ਅਦਲਾ ਬਦਲੀ ਵਿਚ ਘਟ ਗਿਣਤੀ ਸਿਖ ਜਿਨ੍ਹਾਂ ਦਾ ਖੇਤੀਬਾੜੀ ਕਿੱਤਾ ਤੇ ਹੋਰ ਕਈ ਪ੍ਰਕਾਰ ਦੇ ਕਾਰੋਬਾਰ ਪਾਕਿਸਤਾਨ ਵਿਚ ਹੈ ਸਨ ਨੂੰ ਦੇਸ਼ਵੰਡ ਦਾ ਬੜਾ ਤਲਖ ਤਜਰਬਾ ਹੈ। ਬਹੁਤੇ ਓਹ ਲੋਕ ਹੀ ਹਨ, ਚਾਹੇ ਓਹ ਲੌਂਗੋਵਾਲ ਪਖੀ ਆਖੋ, ਨਰਮ ਖਿਆਲੀਏ ਅਕਾਲੀ ਆਖੋ, ਕਾਂਗਰਸੀ, ਕੌਮਿਉਨਿਸਟ ਜਾਂ ਰਾਧਾ ਸਵਾਮੀ ਤੇ ਨਾਮਧਾਰੀ ਸਿਖ ਆਖੋ ਜਾਂ ਫਿਰ 70 ਲੱਖ ਸਿਖ ਜਿਹੜੇ ਪੰਜਾਬ ਤੋਂ ਬਾਹਰ ਦੂਜੇ ਪ੍ਰਾਂਤਾਂ ਵਿਚ ਕੈਨੇਡਾ-ਅਮਰੀਕਾ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਨਾਲੋਂ ਵੀ ਵਧੀਆ ਜੀਵਨ ਬਤੀਤ ਕਰ ਰਹੇ ਓਹ ਕਦੀ ਦੇਸ਼ਵੰਡ ਦੇ ਹੱਕ ਵਿਚ ਨਹੀਂ ਹੋ ਸਕਦੇ। ਜਦ ਅਸੀਂ ਐਧਰੋਂ ਜਾ ਕੇ ਪੰਜਾਬ ਵਸਣਾ ਪਸੰਦ ਨਹੀਂ ਕਰਦੇ ਤਾਂ ਉਨ੍ਹਾਂ 70 ਲੱਖ ਤੋਂ ਕਿਵੇਂ ਆਸ ਰਖ ਸਕਦੇ ਹਾਂ ਕਿ ਓਹ ਪੰਜਾਬ ਜਾ ਕੇ ਵਸਣ।

ਪਾਕਿਸਤਾਨ ਬਣਨ ਵੇਲੇ ਮਜ਼੍ਹਬੀ-ਸੋਚਣੀ ਦੇਸ਼ਵੰਡ ਦਾ ਆਧਾਰ ਸੀ, ਕੀ ਪਾਕਿਸਤਾਨੀ ਜਨਤਾ ਦੇਸ਼ ਵੰਡ ਹੋਣ ਉਪਰੰਤ ਸੁਖੀ ਹੋ ਗਈ ਹੈ ? ਜਿਸ ਤਨ ਲਾਗੇ ਸੋਈ ਜਾਣੇ ਵਾਲੀ ਗੱਲ ਹੈ। ਡੇਢ ਕੁ ਸਾਲ ਪਹਿਲਾਂ ਜਦ ਅਸੀਂ ਬੜੇ ਬੜੇ ਜਲੂਸ ਕੱਢ ਸਟੇਜਾਂ ਤੇ ਖਲੋ ਭਾਰਤੀ ਲੀਡਰਾਂ ਨੂੰ ਮੋਟੀਆਂ ਮੋਟੀਆਂ ਗਾਲਾਂ ਕੱਢਦੇ ਸਾਂ ਤਾਂ ਮੈਂ ਇਕ ਪਾਕਿਸਤਾਨੀ ਕੈਨੇਡੀਅਨ ਗੱਭਰੂ ਪੁੱਛਿਆ, "ਤੁਹਾਡੀ ਸਰਕਾਰ ਤੁਹਾਡੇ ਵੋਟ-ਹਕ ਵੀ ਖੋਹ ਚੁੱਕੀ ਹੈ ਤੇ ਓਥੇ ਆਜ਼ਾਦੀ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ, ਤੁਸੀਂ ਜਲੂਸ ਕੱਢ ਆਪਣੇ ਲੀਡਰਾਂ ਤੋਂ ਹੱਕ ਲੈਣ ਲਈ ਗਾਲਾਂ ਕਿਉਂ ਨਹੀਂ ਕੱਢਦੇ ?" ਉਹ ਕਹਿੰਦਾ, "ਗਾਲਾਂ ਤੇ ਬਹੁਤ ਵੱਡੀ ਗੱਲ ਹੈ ਅਸੀਂ ਤੇ ਨੁਕਤਾ-ਚੀਨੀ ਵੀ ਨਹੀਂ ਕਰ ਸਕਦੇ ਅਤੇ ਮੈਂ ਹੈਰਾਨ ਹਾਂ ਭਾਰਤੀ ਸਰਕਾਰੀ ਏਨਾਂ ਬਰਦਾਸ਼ਤ ਕੈਸੇ ਕਰ ਰਹੀ ਹੈ ?" ਇਹ ਠੀਕ ਹੈ ਕਿ ਭਾਰਤੀ ਜਨਤਾ ਨੂੰ ਬੜੀਆਂ ਪ੍ਰਾਬਲਮਜ਼ ਹੈਨ ਤੇ ਦੇਸ਼, ਪਛੜੇ ਦੇਸ਼ਾਂ ਵਿਚੋਂ ਇਕ ਹੈ ਪਰ ਇਹਦਾ ਇਲਾਜ ਦੇਸ਼ ਵੰਡ ਨਹੀਂ, 80 ਪ੍ਰਤੀਸ਼ਤ ਗਰੀਬ ਜਨਤਾ ਨੂੰ ਨਾਲ ਲੈ ਕੇ ਸੰਗਠਨ ਦੀ ਲੋੜ ਹੈ।


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.





एअर-इंडिया

AIR-INDIA

**WE'RE YOUR AIRLINE**

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

# ਚਾਰ ਸੌ ਮੀਟਰ ਦੌੜ ਦਾ ਚੈਂਪੀਅਨ

**ਸਰਵਣ ਸਿੰਘ**

ਜਗਦੀਸ਼ ਸਿੰਘ ਜਿੰਨਾ ਤੇਜ਼ ਦੌੜਦਾ ਸੀ ਉਨਾ ਹੀ ਹੌਲੀ ਬੋਲਦਾ ਹੈ। ਉਹਦੀ ਆਵਾਜ਼ ਇਉਂ ਲਗਦੀ ਹੈ ਜਿਵੇਂ ਖੂਹ 'ਚੋਂ ਆ ਰਹੀ ਹੋਵੇ। ਉਹਦਾ ਰੰਗ ਗੋਰਾ, ਸਰੀਰ ਛਾਂਟਵਾਂ ਤੇ ਨੈਣ ਨਕਸ਼ ਤਿੱਖੇ ਹਨ। ਉਹ ਬਿਨਾਂ ਜਾਣ ਪਛਾਣ ਦੇ ਦੂਰੋਂ ਹੀ ਦੌੜਾਕ ਲਗਦਾ ਹੈ। ਉਹਨੇ 4x400 ਮੀਟਰ ਰਿਲੇਅ ਦੌੜ ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ 'ਚੋਂ ਭਾਰਤ ਲਈ ਸੋਨੇ ਦਾ ਤਗਮਾ ਜਿਤਿਆ ਸੀ। ਆਪਣੇ ਸਮੇਂ ਦਾ ਉਹ ਉਘਾ ਦੌੜਾਕ ਸੀ ਪਰ ਉਹ ਮਿਲਖਾ ਸਿੰਘ ਦੀ ਛਾਂ 'ਚ ਰਹਿਣ ਕਾਰਨ ਬਹੁਤਾ ਨਾ ਚਮਕ ਸਕਿਆ। ਜਦੋਂ ਉਹਦੀਆਂ ਸੰਭਾਵਨਾਵਾਂ ਸਿਖਰ ਵਲ ਚੜ੍ਹਨ ਲਗੀਆਂ ਤਾਂ ਉਹਦੇ ਗੋਡੇ ਉਤੇ ਕੈਰੀਅਰ-ਮਾਰਵੀਂ ਸੱਟ ਲਗ ਗਈ ਜਿਸ ਕਾਰਨ ਉਹ ਮੁੜ ਕੇ ਤਾਬ ਹੀ ਨਾ ਆਇਆ। ਹੁਣ ਜਦੋਂ ਉਹ ਆਪਣੇ ਦੌੜਨ ਦੇ ਸਮੇਂ ਦੀਆਂ ਗੱਲਾਂ ਕਰਦਾ ਹੈ ਤਾਂ ਰੀਝਾਂ ਅੱਧ ਵਿਚਾਲੇ ਰਹਿ ਜਾਣ ਕਾਰਨ ਉਹਦਾ ਹਉਕਾ ਨਿਕਲ ਜਾਂਦਾ ਹੈ।



ਜਗਦੀਸ਼ ਸਿੰਘ ਦਾ ਜਨਮ ਪਿੰਡ ਡਾਂਗੋਂ ਜ਼ਿਲਾ ਲੁਧਿਆਣਾ ਵਿਚ ਸ. ਮੇਵਾ ਸਿੰਘ ਦੇ ਘਰ ਹੋਇਆ ਸੀ। ਡਾਂਗੋਂ ਦੇ ਵੈਲੀਆਂ ਦਾ ਨਾਂ ਸਾਡੀਆਂ ਕੁਝ ਲੋਕ ਬੋਲੀਆਂ ਵਿਚ ਆਉਂਦਾ ਹੈ। ਪਰ ਜਗਦੀਸ਼ ਉਹਨਾਂ ਵੈਲੀਆਂ 'ਚੋਂ ਨਹੀਂ। ਉਹ ਬੇਹੱਦ ਸਾਊ ਅਥਲੀਟ ਗਿਣਿਆ ਜਾਂਦਾ ਰਿਹਾ। ਇਕ ਮੁਲਾਕਾਤ ਵਿਚ ਮੈਂ ਉਹਦੀ ਜਨਮ ਤਾਰੀਖ ਪੁੱਛੀ ਤਾਂ ਉਹਨੇ ਦੋ ਤਾਰੀਖਾਂ ਦੱਸੀਆਂ। ਇਕ ਅਸਲੀ ਤੇ ਦੂਜੀ ਕਾਗਜ਼ੀ। ਅਸਲੀ ਜਨਮ ਤਾਰੀਖ ਅਨੁਸਾਰ ਉਹ 1938 ਵਿਚ ਜੰਮਿਆ ਸੀ ਪਰ ਸਰਟੀਫਿਕੇਟ ਉਤੇ 9 ਦਸੰਬਰ 1940 ਦਰਜ ਹੈ। ਗੱਲ ਦਰ ਅਸਲ ਇਉਂ ਹੋਈ। ਜਗਦੀਸ਼ ਨੂੰ ਇਕ ਹੋਰ ਮੁੰਡੇ ਨਾਲ ਦਾਖਲ ਕਰਾਇਆ ਗਿਆ। ਉਸ ਮੁੰਡੇ ਦੀ ਜਨਮ ਤਾਰੀਖ 9-12-1940 ਲਿਖ ਕੇ ਜਦੋਂ ਮਾਸਟਰ ਨੇ ਜਗਦੀਸ਼ ਸਿੰਘ ਦੀ ਜਨਮ ਤਾਰੀਖ ਪੁੱਛੀ ਤਾਂ ਕਹਿ ਦਿਤਾ ਗਿਆ, "ਚਲੋ ਇਹਦੀ ਵੀ ਏਨੀ ਈ ਲਿਖ ਲਓ !"

ਉਸਨੇ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਪਿੰਡ ਪੱਖੋਵਾਲ ਅਤੇ ਮਿਡਲ ਜਮਾਤਾਂ ਦੀ ਪੜ੍ਹਾਈ ਰਾਇਕੋਟ ਦੇ ਸਕੂਲ ਤੋਂ ਕੀਤੀ। ਉਸ ਦੇ ਘਰ ਵਾਲੇ ਟਰਾਂਸਪੋਰਟ ਦਾ ਕਾਰੋਬਾਰ ਕਰਦੇ ਸਨ ਅਤੇ ਆਮ ਕਿਸਾਨੀ ਵਿਚ ਮੁਕਾਬਲਤਨ ਸੁਖਾਲੇ ਸਨ। ਘਰ ਵਿਚ ਖਾਣ ਪਹਿਨਣ ਨੂੰ ਚੰਗਾ ਸੀ ਤੇ ਉਂਝ ਵੀ ਪਰਵਾਰ ਖੇਡਾਂ ਵੱਲ ਲਗਨ ਰਖਦਾ ਸੀ। ਜਗਦੀਸ਼ ਸਿੰਘ ਦਾ ਚਚੇਰਾ ਭਰਾ ਗੁਰਚਰਨ ਸਿੰਘ ਫੁੱਟਬਾਲ ਦਾ ਤਕੜਾ ਖਿਡਾਰੀ ਸੀ ਤੇ ਨਵੀਂ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਸਮੇਂ 400 ਮੀਟਰ ਦੀ ਦੌੜ ਵਿਚੋਂ ਤਾਂਬੇ ਦਾ ਤਗਮਾ ਜਿਤ ਚੁਕਾ ਸੀ। ਅਜਿਹੇ ਮਾਹੌਲ ਵਿਚ ਜਗਦੀਸ਼ ਸਿੰਘ ਵੀ ਫੁਟਬਾਲ ਤੇ ਦੌੜਾਂ ਵਲ ਸਹਿ-ਸੁਭਾਅ ਹੀ ਖਿਚਿਆ ਗਿਆ।

ਪੱਖੋਵਾਲ ਦੇ ਸਕੂਲ ਦੀ ਫੁਟਬਾਲ ਟੀਮ ਵਾਹਵਾ ਹੁੰਦੀ ਸੀ। ਜਗਦੀਸ਼ ਸਿੰਘ ਨੇ ਨੌਵੀਂ ਦਸਵੀਂ ਪੱਖੋਵਾਲ ਤੋਂ ਕੀਤੀ ਤੇ ਉਥੇ ਹੀ ਉਸ ਨੂੰ ਫੁਟਬਾਲ ਖੇਡਣ ਦੀ ਚੇਟਕ ਲੱਗੀ। 1957 ਵਿਚ ਮੈਟ੍ਰਿਕ ਕਰ ਕੇ ਉਹ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋ ਗਿਆ ਜਿਹੜਾ ਕਿ ਉਹਨੀਂ ਦਿਨੀਂ ਖੇਡਣ ਵਾਲੇ ਮੁੰਡਿਆਂ ਦਾ ਮੱਕਾ ਸੀ। ਉਥੇ ਜਗਦੀਸ਼ ਸਿੰਘ ਹੋਰਾਂ ਦੀ ਫੁੱਟਬਾਲ ਟੀਮ ਯੂਨੀਵਰਸਿਟੀ ਫੁੱਟਬਾਲ ਟੀਮ ਦਾ ਮੈਂਬਰ ਬਣ ਕੇ ਇੰਟਰ-ਵਰਸਿਟੀ ਖੇਡਿਆ। ਉਹ ਨਿੱਗਰ ਲੱਤਾਂ ਨਾਲ ਦੌੜਦਾ ਵੀ ਤੇਜ਼ ਸੀ ਤੇ ਕਿੱਕ ਵੀ ਜ਼ੋਰਦਾਰ ਲਾਉਂਦਾ ਸੀ। ਖਾਲਸਾ ਕਾਲਜ ਵਿਚ ਉਹ ਫੁੱਟਬਾਲ ਖੇਡਣ ਦੇ ਨਾਲ ਅਥਲੈਟਿਕਸ ਵੀ ਕਰਨ ਲਗ ਪਿਆ ਤੇ ਚਾਰ ਸੌ ਮੀਟਰ ਦੌੜ ਦਾ ਯੂਨੀਵਰਸਿਟੀ ਚੈਂਪੀਅਨ ਬਣ ਗਿਆ। ਫਿਰ ਉਸ ਨੇ ਇੰਟਰ-ਵਰਸਿਟੀ ਅਥਲੈਟਿਕ ਮੀਟ ਵਿਚ ਵੀ ਧੁੰਮਾਂ ਪਾਈਆਂ ਤੇ ਪੰਜਾਬ ਪ੍ਰਾਂਤ ਦੀ ਨੁਮਾਇੰਦਗੀ ਕਰਨ ਲੱਗਾ। ਕਾਲਜ ਪੜ੍ਹਦਿਆਂ ਉਹਨੇ ਚਾਰ ਸੌ ਮੀਟਰ ਦੌੜ ਪੰਜਾਹ ਸੰਕਿਟ ਵਿਚ ਲਾ ਕੇ ਨਵਾਂ ਰਿਕਾਰਡ ਸਥਾਪਤ ਕੀਤਾ।

1960 ਵਿਚ ਉਹਨੇ ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਕੇ ਦੌੜਨ ਲਈ ਰੇਲਵੇ ਦੀ ਨੌਕਰੀ ਕਰ ਲਈ। ਉਹਦੇ ਨਾਲ ਹੀ ਉਹਦਾ ਸਾਥੀ ਜਰਨੈਲ ਸਿੰਘ ਸੀ ਜਿਸ ਦੀ ਬਾਅਦ ਵਿਚ ਕਰਾਸ ਕੰਟਰੀ ਲਾਉਂਦਿਆਂ ਮੌਤ ਹੋਈ। ਯਾਰ ਦੇ ਵੈਰਾਗ ਵਿਚ ਉਹਨੀਂ ਦਿਨੀਂ ਜਗਦੀਸ਼ ਸਿੰਘ ਗੁਸਲਖਾਨੇ 'ਚ ਵੜ ਵੜ ਰੋਂਦਾ ਰਿਹਾ। ਰੇਲਵੇ ਵਿਚ ਉਹਨਾਂ ਦੀ ਪਹਿਲੀ ਪੋਸਟਿੰਗ ਬਠਿੰਡੇ ਵਲ ਹੋਈ ਸੀ। ਉਹ ਬਠਿੰਡੇ ਦੀਆਂ ਸੁੰਨੀਆਂ ਸੜਕਾਂ ਤੇ ਰੇਤਲੇ ਟਿੱਬਿਆਂ ਉਤੇ ਜਿਦ ਜਿਦ ਕੇ ਦੌੜਦੇ ਅਤੇ ਬਦਾਮ ਰਗੜ ਕੇ ਪੀਂਦੇ। ਹਨ੍ਹੇਰੇ ਸਵੇਰੇ ਦੌੜਦਿਆਂ ਨੂੰ ਆਮ ਬੰਦਿਆਂ ਨੇ ਕਮਲੇ ਸਮਝਣਾ। ਕਈ ਜ਼ਨਾਨੀਆਂ ਨੇ ਉਹਨਾਂ ਨੂੰ ਚੋਰ ਸਮਝ ਬਹਿਣਾ ਪਰ ਉਹਨਾਂ ਨੇ ਸ਼ੌਕ ਦੇ ਗੇੜੇ ਦੇਈ ਜਾਣੇ।

ਆਖਰ ਉਹ ਸ਼ੌਕ ਦੇ ਗੇੜੇ ਰੰਗ ਲਿਆਏ। 1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਅਥਲੀਟਾਂ ਦੇ ਟਰਾਇਲ ਹੋਏ ਤਾਂ ਜਗਦੀਸ਼ ਸਿੰਘ ਭਾਰਤੀ ਟੀਮ ਵਿਚ ਚੁਣਿਆ ਗਿਆ। ਬੰਗਲੌਰ ਦੇ ਕੋਚਿੰਗ ਕੈਂਪ ਵਿਚ ਉਸ ਨੇ ਜਾਨ ਮਾਰ ਕੇ ਅਭਿਆਸ ਕੀਤਾ ਤੇ ਚਾਰ ਸੌ ਮੀਟਰ ਦੌੜ ਦਾ ਸਮਾਂ 48 ਸਕਿੰਟ ਤੋਂ ਥੱਲੇ ਲੈ ਆਇਆ। ਉਹ 4x400 ਮੀਟਰ ਰਿਲੇਅ ਦੌੜ ਦੀ ਟੀਮ ਦਾ ਮੈਂਬਰ ਬਣਿਆ। ਉਸ ਦੇ ਦੂਜੇ ਸਾਥੀ ਮਿਲਖਾ ਸਿੰਘ, ਮੱਖਣ ਸਿੰਘ, ਤੇ ਦਲਜੀਤ ਸਿੰਘ ਸਨ। ਜਕਾਰਤਾ 'ਚ ਇਹਨਾਂ ਚਾਰਾਂ ਨੇ 4x400 ਮੀਟਰ ਦੌੜ ਤਿੰਨ ਮਿੰਟ 10.2 ਸਕਿਕੰਟ ਵਿਚ ਦੌੜ ਕੇ ਸੋਨੇ ਦਾ ਤਗਮਾ ਵੀ ਜਿਤਿਆ ਤੇ ਏਸ਼ਿਆਈ ਖੇਡਾਂ ਦਾ ਨਵਾਂ ਰਿਕਾਰਡ ਵੀ ਕਾਇਮ ਕੀਤਾ।

ਜਗਦੀਸ਼ ਸਿੰਘ ਦਾ ਕੱਦ ਪੰਜ ਫੁੱਟ ਨੌਂ ਇੰਚ ਹੈ ਤੇ ਦੌੜਨ ਸਮੇਂ ਭਾਰ 65-66 ਕਿਲੋਗਰਾਮ ਹੁੰਦਾ ਸੀ। ਅਜ ਕੱਲ੍ਹ ਉਹ ਉਤਰੀ ਰੇਲਵੇ ਵਿਚ ਪਰਮਾਨੈਂਟ ਵੇ ਇਨਸਪੈਕਟਰ ਹੈ ਯਾਨੀ ਕਿ ਰੇਲ ਲਾਈਨਾਂ ਦਾ ਨਿਗਰਾਨ। ਉਸ ਦਾ ਹੈਡ ਕੁਆਟਰ ਜਲੰਧਰ ਛਾਉਣੀ ਹੈ ਤੇ ਤਕਰੀਬਨ ਸੌ ਕਿਲੋਮੀਟਰ ਤਕ ਦੀਆਂ ਰੇਲ ਲਾਈਨਾਂ ਦੀ ਉਹਨੂੰ ਨਿਗਰਾਨੀ ਰਖਣੀ ਪੈਂਦੀ ਹੈ। ਆਪਣੇ ਹਿਸੇ ਆਉਂਦੇ ਟਰੈਕ ਨੂੰ ਠੀਕ ਠੀਕ ਰਖਣ ਵਿਚ ਉਹਨੇ ਚਾਰ ਪੰਜ ਵਾਰ ਰੇਲਵੇ ਦਾ ਵਿਸ਼ੇਸ਼ ਇਨਾਮ ਵੀ ਹਾਸਲ ਕੀਤਾ ਹੈ। ਉਹ ਆਪਣੀ ਨੌਕਰੀ ਤੋਂ ਕਾਫੀ ਹੱਦ ਤੱਕ ਸੰਤੁਸ਼ਟ ਹੈ। ਉਹਦੇ ਦੋ ਤਿੰਨ ਅਟੈਚੀਕੇਸ ਸਰਟੀਫਿਕੇਟਾਂ ਤੇ ਹੋਰ ਖੇਡ ਨਿਸ਼ਾਨੀਆਂ ਨਾਲ ਭਰੇ ਪਏ ਹਨ। ਇਨਾਮੀ ਕੱਪਾਂ ਬਦਲੇ ਭਾਂਡੇ ਖਰੀਦ ਲਏ ਗਏ ਹਨ।

ਜਗਦੀਸ਼ ਸਿੰਘ ਨੂੰ ਪਹਿਲੀ ਵਾਰ ਮੈਂ ਪਿੰਡ ਕਮਾਲਪੁਰੇ ਦੇ ਟੂਰਨਾਮੈਂਟ ਵਿਚ ਦੌੜਦਿਆਂ ਵੇਖਿਆ ਸੀ। ਇਸ ਗੱਲ ਨੂੰ ਪੱਚੀ ਛੱਬੀ ਸਾਲ ਹੋ ਗਏ ਹੋਣਗੇ। ਹਾਕੀ ਦੇ ਮੈਦਾਨ ਅੰਦਰ ਮੋੜਾਂ ਉਤੇ ਬੰਦੇ ਖੜ੍ਹੇ ਦਿਤੇ ਗਏ ਸਨ ਤੇ ਦੌੜਨ ਵਾਲਿਆਂ ਨੂੰ ਕਿਹਾ ਗਿਆ ਸੀ ਕਿ ਬੰਦਿਆਂ ਦੇ ਉਪਰ ਦੀ ਗੇੜੇ ਲਾਈ ਚੱਲੋ। ਮੀਲ ਦੀ ਦੌੜ ਦਸ ਜਾਂ ਬਾਰਾਂ ਗੇੜਿਆਂ ਦੀ ਸੀ। ਇਕ ਫੌਜੀ ਮੂਹਰੇ ਦੌੜ ਰਿਹਾ ਸੀ ਤੇ ਜਗਦੀਸ਼ ਦਮ ਰੱਖੀ ਉਹਦੇ ਪਿਛੇ ਚਲ ਰਿਹਾ ਸੀ। ਖੌਰੇ ਗੇੜੇ ਗਿਣਨ ਵਾਲਿਆਂ ਨੂੰ ਭੁਲੇਖਾ ਲੱਗਾ ਜਾਂ ਜਗਦੀਸ਼ ਸਿੰਘ ਹੀ ਗਿਣਤੀ ਖੁੰਝ ਗਿਆ ਕਿ ਦੌੜ ਮੁੱਕਣ ਸਮੇਂ ਜਗਦੀਸ਼ ਸਿੰਘ ਆਖ ਰਿਹਾ ਸੀ, "ਵਨ ਰਾਊਂਡ ਮੋਰ।"

ਪਰ ਪ੍ਰਬੰਧਕਾਂ ਨੇ ਉਹਦੀ ਗੱਲ ਨਾ ਮੰਨੀ। ਜਗਦੀਸ਼ ਸਿੰਘ ਦਿਲੋਂ ਕਾਫੀ ਦੁਖੀ ਸੀ ਕਿ ਪੇਂਡੂ ਟੂਰਨਾਮੈਂਟ ਵਿਚ ਮੀਲ ਦੀ ਦੌੜ ਇਕ ਚੱਕਰ ਪਹਿਲਾਂ ਹੀ ਮੁਕਾ ਦਿਤੀ ਗਈ ਸੀ ਤੇ ਉਸ ਨੇ ਆਖਰੀ ਚੱਕਰ ਵਿਚ ਜੋ ਜ਼ੋਰ ਲਾਉਣਾ ਸੀ ਉਹ ਨਹੀਂ ਸੀ ਲਾਉਣ ਦਿਤਾ ਗਿਆ। ਇਹ ਸਹੀ ਸੀ ਕਿ ਉਹ ਦੌੜ ਜਗਦੀਸ਼ ਸਿੰਘ ਆਰਾਮ ਨਾਲ ਜਿੱਤ ਸਕਦਾ ਸੀ ਪਰ ਪ੍ਰਬੰਧਕਾਂ ਨੇ ਅਣਜਾਣਪੁਣੇ ਕਾਰਨ ਉਸ ਨੈਸ਼ਨਲ ਪੱਧਰ ਦੇ ਅਥਲੀਟ ਨੂੰ ਸਾਧਾਰਨ ਦੌੜਾਂਕ ਹੱਥੋਂ ਹਰਵਾ ਦਿਤਾ ਸੀ। ਇਸ ਪਿਛੋਂ ਉਸ ਨੇ ਅਜਿਹੇ ਟੂਰਨਾਮੈਂਟ ਵਿਚ ਦੌੜਨ ਤੋਂ ਕੰਨਾਂ ਨੂੰ ਹੱਥ ਲਾ ਲਿਆ।

1963 ਵਿਚ ਉਹ ਆਲ ਇੰਡੀਆ ਅਥਲੈਟਿਕ ਮੀਟ ਸਮੇਂ ਚਾਰ ਸੌ ਮੀਟਰ ਦੀ ਦੌੜ ਵਿਚੋਂ 47.7 ਸਕਿੰਟ ਦਾ ਸਮਾਂ ਕੱਢ ਕੇ ਪ੍ਰਥਮ ਆਇਆ ਸੀ। ਚਾਰ ਸੌ ਮੀਟਰ ਦੌੜ ਦੇ ਏਨੇ ਚੰਗੇ ਸਮੇਂ ਨਾਲ ਸੰਭਾਵਨਾ ਪੈਦਾ ਹੋ ਗਈ ਸੀ ਕਿ ਉਹ ਟੋਕੀਓ ਦੀਆਂ ਉਲੰਪਿਕ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰੇਗਾ ਤੇ ਹੋਰ ਵੀ ਚੰਗਾ ਸਮਾਂ ਕੱਢੇਗਾ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਸੇ ਸਾਲ ਫੁਟਬਾਲ ਖੇਡਦਿਆਂ ਉਹਦੇ ਖੱਬੇ ਗੋਡੇ ਉਤੇ ਅਜਿਹੀ ਚੋਟ ਲੱਗੀ ਕਿ ਗੋਡੇ ਦਾ ਉਪਰੇਸ਼ਨ ਕਰਾਉਣਾ ਪਿਆ। ਪਰ ਇਲਾਜ ਦੇ ਬਾਵਜੂਦ ਵੀ ਗੋਡਾ ਪੂਰਾ ਠੀਕ ਨਾ ਹੋਇਆ ਤੇ ਜਗਦੀਸ਼ ਸਿੰਘ ਦੀਆਂ ਹੋਰ ਦੌੜਨ ਤੇ ਹੋਰ ਤਗਮੇ ਜਿਤਣ ਦੀਆਂ ਆਸਾਂ ਉਤੇ ਪਾਣੀ ਫਿਰ ਗਿਆ।

ਇਕ ਮੁਲਾਕਾਤ ਵਿਚ ਜਗਦੀਸ਼ ਸਿੰਘ ਨੇ ਦੱਸਿਆ, "ਮੈਨੂੰ ਅਥਲੀਟ ਬਣਾਉਣ ਵਿਚ ਸਭ ਤੋਂ ਵਧ ਹੱਥ ਮੇਰੀ ਮਾਂ ਦਾ ਹੈ। ਉਹਨੇ ਮੈਨੂੰ ਸਵੱਖਤੇ ਈ ਜਗਾ ਦੇਣਾ। ਬਦਾਮ ਰਗੜ ਕੇ ਸਰਕੜਾ ਬਣਾਉਣਾ ਤੇ ਆਖਣਾ ਜਾਹ ਦੌੜ ਕੇ ਆ ਤੇ ਫੇਰ ਪੀਈਂ। ਸਾਡੇ ਘਰ ਦੁੱਧ ਘਿਓ ਦੀ ਕੋਈ ਤੋਟ ਨਹੀਂ ਸੀ। ਮੈਂ ਚਾਅ ਚਾਅ ਵਿਚ ਈ ਦੌੜਦਿਆਂ ਢੈਪਈ ਦੇ ਪੁਲ ਵਲ ਨਿਕਲ ਜਾਣਾ ਤੇ ਗੁੱਜਰਵਾਲ ਵਲ ਦੀ ਗੇੜਾ ਕੱਢ ਕੇ ਪਿੰਡ ਆਉਣਾ। ਦਸ ਗਿਆਰਾਂ ਕਿਲੋਮੀਟਰ ਮੈਂ ਆਰਾਮ ਨਾਲ ਹੀ ਦੌੜ ਜਾਂਦਾ ਸੀ। ਫੇਰ ਮੈਨੂੰ ਬੱਸਾਂ ਨਾਲ ਭੱਜਣ ਦਾ ਸ਼ੌਕ ਹੋ ਗਿਆ। ਮੈਂ ਪਹਿਲਾਂ ਕਮਲਾਪੁਰੇ ਤਕ ਦੌੜ ਕੇ ਆਉਣਾ ਤੇ ਫੇਰ ਬੱਸ ਚਲਾ ਕੇ ਰਾਇਕੋਟ ਲੈ ਜਾਣੀ। ਬੱਸ ਸਾਡੀ ਘਰ ਦੀ ਹੁੰਦੀ ਸੀ।"

ਮੈਂ ਪੁਛਿਆ "ਤੁਸੀਂ ਵਧੇਰੇ ਕਰਕੇ ਖੁਰਾਕ ਕਿਹੋ ਜਿਹੀ ਖਾਂਦੇ ਰਹੇ ?"

ਜਗਦੀਸ਼ ਸਿੰਘ ਆਖਣ ਲੱਗਾ, "ਮੈਂ ਵਧੇਰੇ ਕਰ ਕੇ ਬਦਾਮ ਖਾਧੇ। ਬਦਾਮਾਂ ਨਾਲ ਸਟੈਮਿਨਾ ਬਹੁਤ ਬਣਦਾ। ਮੈਂ ਤੇ ਜਰਨੈਲ ਦੋ ਦੋ ਸੌ ਬਦਾਮ ਰਗੜ ਕੇ ਪੀ ਜਾਂਦੇ ਸੀ। ਉਦੋਂ ਬਦਾਮ ਸੀ ਵੀ ਸਸਤੇ। ਹੁਣ ਤਾਂ ਕਿਸੇ ਨੇ ਸਾਡੇ ਜਿੰਨੇ ਬਦਾਮ ਖਾਣੇ ਹੋਣ ਤਾਂ ਉਂ ਈ ਦਿਵਾਲਾ ਨਿਕਲ ਜੇ। ਮੈਂ ਜੂਸ ਵੀ ਬਹੁਤ ਪੀਤਾ। ਅਸੀਂ ਦਿਹਾੜੀ 'ਚ ਸੋਲਾਂ ਸੋਲਾਂ ਰੁਪਏ ਦਾ ਜੂਸ ਪੀ ਜਾਂਦੇ ਸੀ। ਉਹਨਾਂ ਦਿਨਾਂ ਦੇ ਸੋਲਾਂ ਰੁਪਏ ਤੁਸੀਂ ਹਿਸਾਬ ਲਾ ਲਓ ਕਿੰਨੇ ਹੁੰਦੇ ਸੀ ?'

"ਦੁੱਧ ਘਿਓ ਦੀ ਵਰਤੋਂ ?"

"ਦੁਧ ਘਿਓ ਮੈਂ ਹਿਸਾਬ ਦਾ ਹੀ ਪੀਂਦਾ ਖਾਂਦਾ ਸੀ। ਬਹੁਤਾ ਨਹੀਂ। ਜਰਨੈਲ ਦੁਧ ਦਾ ਬਹੁਤ ਸ਼ੌਕੀਨ ਸੀ। ਉਹ ਜਰਮਨੀ ਜਾ ਕੇ ਵੀ ਦੁਧ ਈ ਮੰਗਦਾ ਰਿਹਾ। ਬਲਦੇਵ ਵੀ ਦੁਧ ਬਹੁਤ ਪੀਂਦਾ ਸੀ। ਇਕੇਰਾਂ ਉਹ ਦੁਧ ਦਾ ਡੋਲਣਾ ਪੀਣ ਪਿਛੋਂ ਭੱਜ ਕੇ ਗੱਡੀ ਚੜ੍ਹਿਆ ਤੇ ਆਪਣਾ ਗਲ ਦੋਹਾਂ ਹੱਥਾਂ ਨਾਲ ਫੜ ਕੇ ਗੱਡਧੀ 'ਚ ਬੈਠਾ ਰਿਹਾ। ਮੈਂ ਪੁਛਿਆ — ਗਲ ਕਿਉਂ ਫੜਿਆ ? ਕਹਿਣ ਲੱਗਾ ਦੁਧ ਬਾਹਰ ਆਉਂਦਾ ਸੀ ਮਸਾਂ ਘੁੱਟ ਕੇ ਅੰਦਰ ਰਖਿਆ !"

ਮੈਂ ਕਿਹਾ, "ਕੋਚਿੰਗ ਕੈਂਪ ਤੁਹਾਡੇ ਕਿਹੋ ਜਿਹੇ ਹੁੰਦੇ ਸੀ।

ਜਗਦੀਸ਼ ਸਿੰਘ ਦੱਸਣ ਲੱਗਾ "ਉਦੋਂ ਕੋਚਿੰਗ ਕੋਈ ਬਹੁਤੀ ਸਾਇੰਟਿਫਿਕ ਨਹੀਂ ਸੀ। ਉਂਜ ਕੈਂਪਾਂ ਵਿਚ ਸਾਡਾ ਜੀਅ ਬੜਾ ਲਗਦਾ ਸੀ। ਮਿਹਨਤ ਵੀ ਕਰੀਦੀ ਸੀ ਤੇ ਹਾਸਾ ਖੇਡਾ ਵੀ ਚਲਦਾ ਸੀ।"

"ਹਾਸਾ ਖੇਡਾ ਭਲਾ ਕਿਹੋ ਜਿਹਾ ?"

"ਏਹੋ ਬਈ ਇਕ ਦੂਜੇ ਨੂੰ ਟਿੱਚਰ ਮਖੌਲ ਕਰਨੇ ਤੇ ਇਕ ਦੂਜੇ ਦੀ ਖਾਣ ਵਾਲੀ ਚੀਜ਼ ਚੋਰੀਓਂ ਖਾ ਜਾਣੀ। ਓਦੋਂ ਕੋਈ ਗੁੱਸਾ ਨਹੀਂ ਸੀ ਕਰਦਾ। 'ਕੇਰਾਂ ਹੈਮਰ ਵਾਲਾ ਨਿਰਮਲ ਪਿੰਡੋਂ ਘਿਓ ਲਿਆਇਆ ਤੇ ਉਹਨੂੰ ਨੰਬਰਾਂ ਵਾਲੀ ਜਿੰਦੀ ਲਾ ਛੱਡੀ। ਅਸੀਂ ਇਕ ਦਿਨ ਨੰਬਰ ਘੁੰਮਾਉਂਦਿਆਂ ਨੇ ਉਹ ਜਿੰਦੀ ਖੋਲ੍ਹ ਲਈ ਤੇ ਨੰਬਰ ਨੋਟ ਕਰ ਲਿਆ। ਕੌਲੀ ਘਿਓ ਦੀ ਉਹ ਨਿੱਤ ਕੱਢ ਲਿਆ ਕਰੇ ਤੇ ਕੌਲੀ ਡੂਢ ਕੌਲੀ ਅਸੀਂ ਕੱਢ ਲਿਆ ਕਰੀਏ। ਜਿਵੇਂ ਜਿਵੇਂ ਘਿਓ ਥੱਲੇ ਨੂੰ ਤੁਰੇ ਨਿਰਮਲ ਡੌਲੇ ਕੱਢ ਕੇ ਆਖੇ-ਦੇਖੋ ਜੱਟ ਦੇ ਡੌਲੇ। ਮੱਲਾ ਘਿਓ ਖਾਈਦਾ ਥੋਡੇ ਆਂਗ ਸੁੱਕੀਆਂ ਰੋਟੀਆਂ ਨੀ ਚੱਬੀਦੀਆਂ। ਅਸੀਂ ਵੀ ਵਡਿਆ ਦੇਣਾ ਬਈ ਘਿਉ ਨਾਲ ਤਾਂ ਡੌਲੇ ਬਨਣੇ ਹੀ ਏਹੇ ! ਉਹਦੀ ਪੀਪੀ ਮਹੀਨੇ ਦੀ ਥਾਂ ਦਸਾਂ ਬਾਰਾਂ ਦਿਨਾਂ ਵਿਚ ਈ ਮੁਕਗੀ ਤਾਂ ਆਖਣ ਲੱਗਾ ਯਾਰੋ ਹੱਦ ਹੋਗੀ। ਹੁਣ ਤਾਂ ਖੁਰਾਕ ਖਾਣ ਆਲਾ ਲੋਹੜਾ ਈ ਆ ਗਿਆ। ਲੈ ਪਸੇਰੀ ਘਿਉ ਮੈਂ ਦਸਾਂ ਦਿਨਾ 'ਚ ਈ ਖਾ ਗਿਆ। ਉਹਦੀਆਂ ਗੱਲਾਂ ਸੁਣ ਕੇ ਸਾਡੇ ਢਿੱਡ ਹੱਸੀ ਜਾਣ। ਇਹੋ ਜਿਹਾ ਹਾਸਾ ਖੇਡਾ ਆਮ ਚਲਦਾ ਸੀ। ਕੋਤੋਚਿੰਗ ਕੈਂਪ ਤੋਂ ਵਾਪਸ ਜਾ ਕੇ ਸਾਡਾ ਕਈ ਦਿਨ ਜੀਅ ਨਾਲਗਣਾ।"

ਮੈਂ ਪੁਛਿਆ, "ਤੁਸੀਂ ਇਹ ਦੱਸੋ ਕਿ ਨਵੇਂ ਮੁੰਡੇ ਖੇਡਾਂ 'ਚ ਕਿਵੇਂ ਤਰੱਕੀ ਕਰ ਸਕਦੇ ਆ ?'

ਜਗਦੀਸ਼ ਸਿੰਘ ਨੇ ਆਖਿਆ, "ਮੈਂ ਸਮਝਦਾ ਮਿਹਨਤ ਸਭ ਤੋਂ ਜ਼ਰੂਰੀ ਆ। ਜਿਹੜਾ ਕੋਈ ਖਿਡਾਰੀ ਮਿਹਨਤ ਤੋਂ ਕੰਨੀ ਕਤਰਾਉਂਦਾ ਉਹ ਉਪਰ ਨਹੀਂ ਉਠ ਸਕਦਾ। ਮਿਲਖਾ ਸਿੰਘ ਇਕੱਲੀ ਮਿਹਨਤ ਦੇ ਸਿਰ 'ਤੇ ਈ ਏਨਾ ਚੜ੍ਹਿਆ ਸੀ। ਅਥਲੈਟਿਕਸ ਤਾਂ ਹੈ ਈ ਸੱਚੀ ਮਿਹਨਤ ਤੇ ਤਪੱਸਿਆ।"

ਮੈਂ ਆਖਰੀ ਗੱਲ ਪੁਛੀ, "ਤੁਸੀਂ ਕਿਸੇ ਗੈਬੀ ਸ਼ਕਤੀ ਵਿਚ ਵੀ ਵਿਸ਼ਵਾਸ਼ ਰਖਦੇ ਓ ?"

ਜਗਦੀਸ਼ ਸਿੰਘ ਕਹਿਣ ਲੱਗਾ, "ਨਹੀਂ। ਮੇਰੇ ਕੁਛ ਦੋਸਤ ਜ਼ਰੂਰ ਇਹੋ ਜਿਹੇ ਵਹਿਮ ਰਖਦੇ ਆ ਕਿ ਫਲਾਣਾ ਕੱਛਾ ਪਾ ਕੇ ਭੱਜੀਏ ਤਾਂ ਫਸਟ ਆਈਦਾ ਜਾਂ ਫਲਾਣੀ ਬੁਨੈਣ ਹਾਰ ਦਿਖਾਉਂਦੀ ਆ। ਮੈਂ ਸਮਝਦਾ ਬੰਦੇ ਨੇ ਮਿਹਨਤ ਕੀਤੀ ਏਵੇ ਤਾਂ ਉਹਦੀ ਆਪਣੇ ਆਪ ਵਿੱਲ ਪਾਵਰ ਬਣ ਜਾਂਦੀ ਆ ਤੇ ਮਿਹਨਤ ਨੂੰ ਕੋਈ ਵੀ ਗੈਬੀ ਤਾਕਤ ਰੋਕ ਨਹੀਂ ਸਕਦੀ।"


NORTH AMERICAN LIFE ASSURANCE CO.



Sunil Ahuja

SUNIL AHUJA
representative

- ☐ Life Insurance
- ☐ Mortgage Insurance
- ☐ Children's Educational Plans
- ☐ RRSP

Bus. 685-9335
Res. 581-6546

320, 815 West Hasting St.
VANCOUVER, B.C. V6C 2W1